CITY OF VANCOUVER

# ਸਿੰਗਲ-ਯੂਜ਼ ਆਈਟਮ ਉਪਨਿਯਮਾਂ ਬਾਰੇ ਗਾਈਡ

## ਜੁਲਾਈ 2021




VANCOUVER.CA/REDUCE-SINGLE-USE

# ਵਿਸ਼ਾ-ਸੂਚੀ


ਕੋਵਿਡ-19 ਦੇ ਦੌਰਾਨ ਸਿੰਗਲ-ਯੂਜ਼ ਚੀਜ਼ਾਂ ਨੂੰ ਘਟਾਉਣਾ ... 3
ਉਪਨਿਯਮਾਂ 'ਤੇ ਇੱਕ ਨਜ਼ਰ ... 4
ਕਿਹੜੇ ਉਪਨਿਯਮ ਤੁਹਾਡੇ ਸੰਗਠਨ 'ਤੇ ਲਾਗੂ ਹੁੰਦੇ ਹਨ ... 5
ਫੋਮ ਬਾਰੇ ਉਪਨਿਯਮ ... 6
ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ... 8
ਬਰਤਨਾਂ ਬਾਰੇ ਉਪਨਿਯਮ ... 12
ਕੱਪਾਂ ਬਾਰੇ ਉਪਨਿਯਮ ... 14
ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ... 18
ਖਾਦ ਵਿੱਚ ਬਦਲਣ ਯੋਗ ਅਤੇ ਨਸ਼ਟ ਹੋਣ ਯੋਗ ਪਲਾਸਟਿਕ ... 22
ਸੁਝਾਏ ਗਏ ਵਿਕਲਪ ... 23
ਲਾਗੂਕਰਣ ... 26
ਸਿੰਗਲ-ਯੂਜ਼ ਚੀਜ਼ਾਂ ਬਾਰੇ ਫੈਡਰਲ ਵਿਨਿਯਮ ... 27


## ਟੂਲਕਿੱਟਾਂ

ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਦੁਆਰਾ ਸਟਾਫ਼ ਅਤੇ ਗਾਹਕਾਂ ਨੂੰ ਇਹਨਾਂ ਉਪਨਿਯਮਾਂ ਵਿੱਚ ਤਬਦੀਲੀਆਂ ਬਾਰੇ ਦੱਸਣ ਵਿੱਚ ਮਦਦ ਕਰਨ ਲਈ ਵਿਦਿਅਕ ਸਮੱਗਰੀਆਂ ਵਾਲੀਆਂ ਟੂਲਕਿੱਟਾਂ ਉਪਲਬਧ ਹਨ।

Vancouver.ca/reduce-single-use 'ਤੇ ਆਪਣੀ ਟੂਲਕਿੱਟ ਨੂੰ ਡਾਊਨਲੋਡ ਕਰੋ ਜਾਂ ਡਾਕ ਰਾਹੀਂ ਮੰਗਵਾਓ

ਟੂਲਕਿੱਟਾਂ ਵਿੱਚ ਸ਼ਾਮਲ ਹਨ:

- ਟਿੱਲ ਦੇ ਉੱਪਰ ਲਗਾਉਣ ਲਈ ਟੈਂਟ ਕਾਰਡ (ਵਿਕਰੀ ਦੇ ਸਥਾਨ ਲਈ)
- ਪੋਸਟਰ
- ਚੈੱਕਆਉਟ ਸਟੈਂਡ ਅਤੇ ਮੀਨੂ ਸਕ੍ਰੀਨਾਂ ਲਈ ਡਿਜੀਟਲ ਫਾਈਲਾਂ
- ਲਚਕੀਲੇ ਪਲਾਸਟਿਕ ਸਟ੍ਰਾਅ ਲਈ ਮੀਨੂ ਆਇਕਾਨ ਅਤੇ ਸਟਿੱਕਰ ਸ਼ੀਟਾਂ (ਸੁਲੱਭਤਾ ਲਈ)
- ਨਮੂਨਾ ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ, (ਸੁਲੱਭਤਾ ਲਈ)
- ਅਕਸਰ ਪੁੱਛੇ ਜਾਣ ਵਾਲੇ ਸਵਾਲ

ਟੂਲਕਿੱਟਾਂ ਛੇ ਭਾਸ਼ਾਵਾਂ ਵਿੱਚ ਉਪਲਬਧ ਹਨ:

- ਅੰਗਰੇਜ਼ੀ
- ਟ੍ਰੈਡਿਸ਼ਨਲ ਚਾਈਨੀਜ਼
- ਸਿੰਪਲੀਫਾਈਡ ਚਾਈਨੀਜ਼
- ਪੰਜਾਬੀ
- ਵੀਅਤਨਾਮੀ
- ਫਿਲੀਪੀਨੋ (ਟੈਗਾਲੋਗ)

# ਕੋਵਿਡ-19 ਦੇ ਦੌਰਾਨ ਸਿੰਗਲ-ਯੂਜ਼ ਚੀਜ਼ਾਂ ਨੂੰ ਘਟਾਉਣਾ

## ਟਿਕਾਊਯੋਗਤਾ ਅਤੇ ਰਹਿੰਦ-ਖੂੰਹਦ ਨੂੰ ਘਟਾਉਣ ਵਿੱਚ ਮੋਹਰੀ ਹੋਣਾ ਹਾਲੇ ਵੀ ਵੈਨਕੂਵਰ ਦਾ ਅਟੁੱਟ ਹਿੱਸਾ ਹੈ।

ਸਿਟੀ ਸਿੰਗਲ-ਯੂਜ਼ (ਇੱਕ ਵਾਰ ਵਰਤੀਆਂ ਜਾਣ ਵਾਲੀਆਂ) ਚੀਜ਼ਾਂ ਦੀ ਰਹਿੰਦ-ਖੂੰਹਦ ਅਤੇ ਕੂੜੇ ਨੂੰ ਘਟਾਉਣ ਅਤੇ 2040 ਤਕ ਵੈਨਕੂਵਰ ਨੂੰ ਜ਼ੀਰੋ ਕੂੜਾ ਭਾਈਚਾਰੇ ਵਿੱਚ ਬਦਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਜਿਸ ਵੇਲੇ ਅਸੀਂ ਕੋਵਿਡ-19 ਦੌਰਾਨ ਸਿੰਗਲ-ਯੂਜ਼ ਚੀਜ਼ਾਂ ਤੋਂ ਕਚਰੇ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਸਾਡੇ ਸਾਰੇ ਉਪਨਿਯਮ ਜਨਤਕ ਸਿਹਤ ਬਾਰੇ ਨਵੀਨਤਮ ਸੇਧਾਂ ਦੇ ਅਨੁਕੂਲ ਹੋਣ ਅਤੇ ਵਸਨੀਕਾਂ, ਕਾਰੋਬਾਰਾਂ ਅਤੇ ਉਹਨਾਂ ਦੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ।

ਕੋਵਿਡ-19 ਸਿਹਤ ਸੰਬੰਧੀ ਤਾਜ਼ਾ ਲੋੜਾਂ ਅਤੇ ਸਰੋਤਾਂ ਲਈ, ਕਿਰਪਾ ਕਰਕੇ ਦੇਖੋ:


- ਆਦੇਸ਼ਾਂ, ਨੋਟਿਸਾਂ ਅਤੇ ਮਾਰਗਦਰਸ਼ਨ ਲਈ ਸੂਬਾਈ ਸਿਹਤ ਅਫਸਰ (Provincial Health Officer) ਦਾ ਵੈੱਬ ਪੇਜ।
- ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (British Columbia Centre for Disease Control) (BCCDC), ਜਿਸ ਵਿੱਚ ਭੋਜਨ ਦੇ ਕਾਰੋਬਾਰ ਬਾਰੇ ਵੈੱਬ ਪੇਜ ਵੀ ਸ਼ਾਮਲ ਹੈ।
- ਵੈਨਕੂਵਰ ਕੋਸਟਲ ਹੈਲਥ ਦਾ ਵਾਤਾਵਰਣ ਸੰਬੰਧੀ ਸਿਹਤ ਅਤੇ ਜਾਂਚ-ਪੜਤਾਲਾਂ ਬਾਰੇ ਵੈੱਬ ਪੇਜ।
- ਵਰਕ ਸੇਫ BC (Work Safe BC)।

**ਕੋਵਿਡ-19 ਦੌਰਾਨ ਲਾਗੂਕਰਣ:** ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਕਾਰਨ, ਸਿਟੀ ਦਾ ਸਟਾਫ਼ ਪਹੁੰਚ ਕਰਨ ਅਤੇ ਸਿੱਖਿਆ ਦੇਣ ਨੂੰ ਪਹਿਲ ਦੇ ਰਿਹਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਕਾਰੋਬਾਰਾਂ ਕੋਲ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮਾਂ ਦੀ ਪਾਲਣਾ ਕਰਨ ਲਈ ਉਹ ਸਹਾਇਤਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ। ਪਹੁੰਚ ਕਰਨ ਅਤੇ ਸਿੱਖਿਆ ਦੇਣ ਦੀਆਂ ਸਾਰੀਆਂ ਕੋਸ਼ਿਸ਼ਾਂ ਖਤਮ ਹੋਣ ਤੋਂ ਬਾਅਦ ਜਾਣਬੁੱਝ ਕੇ ਅਤੇ ਨੁਕਸਾਨਦੇਹ ਗੈਰ-ਪਾਲਣਾ ਦੇ ਮਾਮਲਿਆਂ ਲਈ ਲਾਗੂਕਰਣ ਦੀ ਕਾਰਵਾਈ ਕੀਤੀ ਜਾਵੇਗੀ। ਲਾਗੂਕਰਣ ਬਾਰੇ ਵਧੇਰੇ ਜਾਣਕਾਰੀ ਲਈ **ਪੰਨਾ 26** 'ਤੇ ਜਾਓ।

**ਸਿੰਗਲ-ਯੂਜ਼ ਚੀਜ਼ਾਂ ਸਾਡੇ ਆਧੁਨਿਕ ਚੀਜ਼ਾਂ ਨੂੰ ਸੁੱਟਣ ਵਾਲੇ ਸਮਾਜ ਦੀ ਫਜ਼ੂਲਤਾ ਨੂੰ ਦਰਸਾਉਂਦੀਆਂ ਹਨ।**

ਸਿਟੀ ਦੀ ਸਿੰਗਲ-ਯੂਜ਼ ਚੀਜ਼ਾਂ ਨੂੰ ਘਟਾਉਣ ਦੀ ਰਣਨੀਤੀ ਸਿਰਫ ਪਲਾਸਟਿਕ ਹੀ ਨਹੀਂ, ਬਲਕਿ ਸਾਰੀਆਂ ਕਿਸਮਾਂ ਦੀਆਂ ਸਮੱਗਰੀ ਤੋਂ ਤਿਆਰ ਸਿੰਗਲ-ਯੂਜ਼ ਚੀਜ਼ਾਂ ਨੂੰ ਘਟਾਉਣ ਦਾ ਟੀਚਾ ਰੱਖਦੀ ਹੈ। ਅਸੀਂ ਜਾਣਦੇ ਹਾਂ ਕਿ ਸਾਰੀਆਂ ਸਮੱਗਰੀਆਂ ਦੇ ਵਾਤਾਵਰਣਿਕ, ਸਮਾਜਕ ਜਾਂ ਵਸੀਲਿਆਂ ਸੰਬੰਧੀ ਪ੍ਰਭਾਵ ਹੁੰਦੇ ਹਨ, ਇਸੇ ਕਰਕੇ ਅਸੀਂ "ਗੁਰੇਜ਼ ਕਰੋ, ਘਟਾਓ ਅਤੇ ਮੁੜ ਵਰਤੋ" ਨੂੰ ਤਰਜੀਹ ਦਿੱਤੀ ਹੈ। **ਅਸੀਂ ਜਾਣਦੇ ਹਾਂ ਕਿ ਅਸੀਂ ਸਿਰਫ਼ ਰੀਸਾਈਕਲ ਕਰਨ ਨਾਲ ਹੀ ਆਪਣੇ ਜ਼ੀਰੋ ਵੇਸਟ ਦੇ ਟੀਚੇ ਵੱਲ ਨਹੀਂ ਵਧ –ਸਕਦੇ।**

**ਵੈਨਕੂਵਰ ਲਈ ਜ਼ੀਰੋ ਕੂੜਾ ਵਿਧੀ**



# ਉਪਨਿਯਮਾਂ 'ਤੇ ਇੱਕ ਨਜ਼ਰ

## ਫੋਮ ਦੇ ਕੱਪ ਅਤੇ ਫੋਮ ਦੇ ਟੇਕ-ਆਉਟ ਕੰਟੇਨਰ

*1 ਜਨਵਰੀ 2020 ਤੋਂ ਲਾਗੂ » ਪੰਨਾ 6 'ਤੇ ਜਾਓ*

- ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ 'ਤੇ ਪਾਬੰਦੀ।

## ਪਲਾਸਟਿਕ ਦੇ ਸਟ੍ਰਾਅ

*22 ਅਪ੍ਰੈਲ 2020 ਤੋਂ ਲਾਗੂ » ਪੰਨਾ 8 'ਤੇ ਜਾਓ*

- ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ, ਭੋਜਨ ਵਿਕ੍ਰੇਤਾਵਾਂ ਦੁਆਰਾ ਲਾਜ਼ਮੀ ਰੱਖੇ ਜਾਣੇ ਚਾਹੀਦੇ ਹਨ ਅਤੇ ਬੇਨਤੀ ਕੀਤੇ ਜਾਣ 'ਤੇ ਗਾਹਕਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ (ਸੁਲੱਭਤਾ ਲੋੜ)।
- ਬਾਕੀ ਸਾਰੇ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ, ਜਿਨ੍ਹਾਂ ਵਿੱਚ ਸ਼ਾਮਲ ਹਨ: ਜੈਵਿਕ ਬਾਲਣ ਉਤਪਾਦਾਂ ਤੋਂ ਬਣਿਆ ਪਲਾਸਟਿਕ; ਅਤੇ ਪਲਾਸਟਿਕ ਜਿਸ ਨੂੰ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ ਜਾਂ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਜਿਵੇਂ ਕਿ ਮੱਕੀ, ਆਲੂ, ਗੰਨਾ, ਆਦਿ ਤੋਂ ਬਣਾਏ ਗਏ ਵਜੋਂ ਲੇਬਲ ਜਾਂ ਵਰਣਿਤ ਕੀਤਾ ਗਿਆ ਹੈ।

## ਬਰਤਨ

*22 ਅਪ੍ਰੈਲ 2020 ਤੋਂ ਲਾਗੂ » ਪੰਨਾ 12 'ਤੇ ਜਾਓ।*

- ਸਿੰਗਲ-ਯੂਜ਼ ਬਰਤਨ ਸਿਰਫ ਬੇਨਤੀ ਕਰਨ 'ਤੇ ਦਿੱਤੇ ਜਾ ਸਕਦੇ ਹਨ
- ਸਵੈ-ਸੇਵਾ ਵਾਲੇ ਸਟੇਸ਼ਨਾਂ ਦੀ ਆਗਿਆ ਹੈ।
- ਇਹ ਉਪਨਿਯਮ ਸਿੰਗਲ-ਯੂਜ਼ ਚਮਚ, ਚਾਕੂ, ਕਾਂਟੇ ਅਤੇ ਸਾਰੀਆਂ ਕਿਸਮਾਂ ਦੀਆਂ ਚੋਪਸਟਿੱਕਾਂ ਨੂੰ ਕਵਰ ਕਰਦਾ ਹੈ।

## ਕੱਪ

*1 ਜਨਵਰੀ 2022 ਤੋਂ ਲਾਗੂ » ਪੰਨਾ 14 'ਤੇ ਜਾਓ*

- ਵੰਡੇ ਜਾਣ ਵਾਲੇ ਹਰੇਕ ਸਿੰਗਲ-ਯੂਜ਼ ਪੀਣ ਵਾਲੇ ਕੱਪ ਲਈ ਘੱਟੋ-ਘੱਟ $0.25 ਦੀ ਫ਼ੀਸ ਲਾਜ਼ਮੀ ਲਈ ਜਾਣੀ ਚਾਹੀਦੀ ਹੈ।
- ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਲਈ ਲਾਜ਼ਮੀ ਹੈ ਕਿ ਉਹ ਪਿਛਲੇ 12 ਮਹੀਨਿਆਂ ਵਿੱਚ ਕਾਰੋਬਾਰ ਦੇ ਲਾਇਸੈਂਸ ਵਾਲੇ ਹਰ ਸਥਾਨ 'ਤੇ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਗਿਣਤੀ ਦੀ ਸਿਟੀ ਨੂੰ ਰਿਪੋਰਟ ਕਰਨ।
- ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਹਰੇਕ ਕਾਰੋਬਾਰੀ ਸਥਾਨ ਲਈ ਕੱਪਾਂ ਦੀ ਰਿਪੋਰਟ ਕਰਨ ਦੀ ਲੋੜ ਤੋਂ ਛੋਟ ਦਿੱਤੀ ਜਾਂਦੀ ਹੈ।

## ਸ਼ਾਪਿੰਗ ਬੈਗ

*1 ਜਨਵਰੀ 2022 ਤੋਂ ਲਾਗੂ » ਪੰਨਾ 18 'ਤੇ ਜਾਓ*

**ਪਲਾਸਟਿਕ ਦੇ ਸ਼ਾਪਿੰਗ ਬੈਗ**

- ਬਾਕੀ ਸਾਰੇ ਪਲਾਸਟਿਕ ਦੇ ਸ਼ਾਪਿੰਗ ਬੈਗਾਂ 'ਤੇ ਪਾਬੰਦੀ, ਜਿਨ੍ਹਾਂ ਵਿੱਚ ਸ਼ਾਮਲ ਹਨ: ਜੈਵਿਕ ਬਾਲਣ ਉਤਪਾਦਾਂ ਤੋਂ ਬਣਿਆ ਪਲਾਸਟਿਕ; ਅਤੇ ਪਲਾਸਟਿਕ ਜਿਸ ਨੂੰ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ ਜਾਂ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣਾਏ ਗਏ ਵਜੋਂ ਲੇਬਲ ਜਾਂ ਵਰਣਿਤ ਕੀਤਾ ਗਿਆ ਹੈ।

**ਕਾਗਜ਼ ਦੇ ਸ਼ਾਪਿੰਗ ਬੈਗ**

- ਵੰਡੇ ਜਾਣ ਵਾਲੇ ਹਰੇਕ ਕਾਗਜ਼ ਦੇ ਬੈਗ ਲਈ ਘੱਟੋ-ਘੱਟ $0.15 ਦੀ ਫ਼ੀਸ ਲਾਜ਼ਮੀ ਲਈ ਜਾਣੀ ਚਾਹੀਦੀ ਹੈ, 2023 ਵਿੱਚ ਘੱਟੋ-ਘੱਟ ਫ਼ੀਸ ਨੂੰ ਵਧਾ ਕੇ $0.25 ਕਰ ਦਿੱਤਾ ਜਾਵੇਗਾ।
- ਕਾਗਜ਼ ਦੇ ਸ਼ਾਪਿੰਗ ਬੈਗਾਂ ਵਿੱਚ ਘੱਟੋ-ਘੱਟ 40% ਰੀਸਾਈਕਲ ਸਮੱਗਰੀ ਸ਼ਾਮਲ ਹੋਣੀ ਚਾਹੀਦੀ ਹੈ, ਅਤੇ "ਰੀਸਾਈਕਲ ਕਰਨ ਯੋਗ" ਅਤੇ "40% ਰੀਸਾਈਕਲ ਸਮੱਗਰੀ ਦਾ ਬਣਿਆ" ਲੇਬਲ ਲਗਾਏ ਜਾਣੇ ਚਾਹੀਦੇ ਹਨ।
- ਜੇ ਸਿਟੀ ਦੁਆਰਾ ਬੇਨਤੀ ਕੀਤੀ ਜਾਂਦੀ ਹੈ, ਤਾਂ ਕਾਰੋਬਾਰੀ ਲਾਇਸੈਂਸ ਧਾਰਕਾਂ ਨੂੰ ਪਿਛਲੇ 12 ਮਹੀਨਿਆਂ ਦੌਰਾਨ ਵੰਡੇ ਗਏ ਕਾਗਜ਼ ਦੇ ਸ਼ਾਪਿੰਗ ਬੈਗਾਂ ਦੀ ਗਿਣਤੀ ਦੀ ਲਾਜ਼ਮੀ ਰਿਪੋਰਟ ਦੇਣੀ ਚਾਹੀਦੀ ਹੈ।

**ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ**

- ਵੰਡੇ ਜਾਣ ਵਾਲੇ ਹਰੇਕ ਨਵੇਂ ਮੁੜ-ਵਰਤੋਂ ਯੋਗ ਬੈਗ ਲਈ ਘੱਟੋ-ਘੱਟ $1 ਦੀ ਫ਼ੀਸ ਲਾਜ਼ਮੀ ਲਈ ਜਾਣੀ ਚਾਹੀਦੀ ਹੈ, 2023 ਵਿੱਚ ਘੱਟੋ-ਘੱਟ ਫ਼ੀਸ ਨੂੰ ਵਧਾ ਕੇ $2 ਕਰ ਦਿੱਤਾ ਜਾਵੇਗਾ।
- ਨਵੇਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਘੱਟੋ-ਘੱਟ 100 ਵਾਰ ਵਰਤੇ ਜਾਣ ਦੇ ਸਮਰੱਥ ਹੋਣ ਲਈ ਡਿਜ਼ਾਇਨ ਕੀਤੇ ਅਤੇ ਬਣਾਏ ਜਾਣੇ ਚਾਹੀਦੇ ਹਨ ਅਤੇ ਮੁੱਖ ਤੌਰ 'ਤੇ ਕੱਪੜੇ ਦੇ ਬਣੇ ਹੋਣੇ ਚਾਹੀਦੇ ਹਨ।
- ਜੇ ਸਿਟੀ ਦੁਆਰਾ ਬੇਨਤੀ ਕੀਤੀ ਜਾਂਦੀ ਹੈ, ਤਾਂ ਕਾਰੋਬਾਰੀ ਲਾਇਸੈਂਸ ਧਾਰਕਾਂ ਨੂੰ ਪਿਛਲੇ 12 ਮਹੀਨਿਆਂ ਦੌਰਾਨ ਵੰਡੇ ਗਏ ਨਵੇਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਗਿਣਤੀ ਦੀ ਲਾਜ਼ਮੀ ਰਿਪੋਰਟ ਦੇਣੀ ਚਾਹੀਦੀ ਹੈ।

---

**ਕੋਵਿਡ-19:** ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (BC Centre for Disease Control) ਦੀਆਂ ਸੇਧਾਂ ਦੇ ਤਹਿਤ, ਕੋਵਿਡ-19 ਮਹਾਂਮਾਰੀ ਦੇ ਦੌਰਾਨ ਵਿਕ੍ਰੇਤਾ ਮੁੜ-ਵਰਤੋਂ ਯੋਗ ਕੱਪ ਮੁਹੱਈਆ ਕਰਵਾ ਸਕਦੇ ਹਨ ਅਤੇ ਗਾਹਕਾਂ ਦੇ ਮੁੜ-ਵਰਤੋਂ ਯੋਗ ਕੱਪਾਂ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਨੂੰ ਸਵੀਕਾਰ ਸਕਦੇ ਹਨ।

# ਕਿਹੜੇ ਉਪਨਿਯਮ ਤੁਹਾਡੇ ਸੰਗਠਨ 'ਤੇ ਲਾਗੂ ਹੁੰਦੇ ਹਨ

## ਸ਼ਾਪਿੰਗ ਬੈਗ

**ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਸਾਰੇ ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:**

- ਭੋਜਨ ਵਿਕ੍ਰੇਤਾ (ਹੇਠਾਂ ਸੂਚੀ ਦੇਖੋ)
- ਰਿਟੇਲਰ
- ਪੁਰਾਣੀਆਂ ਚੀਜ਼ਾਂ ਦੇ ਸਟੋਰ
- ਸੜਕਾਂ 'ਤੇ ਵਿਕ੍ਰੇਤਾ
- ਤਿਉਹਾਰਾਂ, ਵਿਸ਼ੇਸ਼ ਸਮਾਗਮਾਂ ਅਤੇ ਮਾਰਕੀਟਾਂ ਵਿੱਚ ਵਿਕ੍ਰੇਤਾ

## ਫੋਮ, ਸਟ੍ਰਾਅ, ਬਰਤਨ, ਕੱਪ ਅਤੇ ਸ਼ਾਪਿੰਗ ਬੈਗ

**ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਸਾਰੇ ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਫੋਮ, ਪਲਾਸਟਿਕ ਦੇ ਸਟ੍ਰਾਅ, ਬਰਤਨਾਂ, ਕੱਪਾਂ ਅਤੇ ਸ਼ਾਪਿੰਗ ਬੈਗਾਂ ਲਈ ਉਪਨਿਯਮ ਦੀ ਲਾਜ਼ਮੀ ਪਾਲਣਾ ਕਰਨੀ ਚਾਹੀਦੀ ਹੈ।** ਭੋਜਨ ਪਦਾਰਥਾਂ ਦੇ ਵਿਕ੍ਰੇਤਾ ਉਹ ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਸਥਾਵਾਂ ਹਨ ਜੋ ਤਿਆਰ ਕੀਤਾ ਭੋਜਨ[1] ਵੇਚਦੇ ਹਨ ਜਾਂ ਚੈਰੀਟੇਬਲ ਭੋਜਨ ਸੇਵਾਵਾਂ[2] ਮੁਹੱਈਆ ਕਰਦੇ ਹਨ।

- ਐਰਿਨਾ
- ਬੇਕਰੀਆਂ
- ਬਾਰਾਂ, ਲਾਉਂਜ
- ਬੈਡ ਐਂਡ ਬ੍ਰੇਕਫਾਸਟ
- ਬ੍ਰੇਵਰੀਆਂ
- ਕੈਫੇ ਅਤੇ ਚਾਹ ਦੀਆਂ ਦੁਕਾਨਾਂ
- ਕੇਟਰਰ (ਭੋਜਨ-ਪ੍ਰਬੰਧ)
- ਕਮਿਉਨਿਟੀ ਸੈਂਟਰ
- ਕਨਸੈਸ਼ਨ
- ਸੁਵਿਧਾ ਸਟੋਰ
- ਡੇਲੀ
- ਦਵਾਈਆਂ ਦੀ ਦੁਕਾਨਾਂ
- ਫੂਡ ਕੋਰਟ
- ਡਿਲਿਵਰੀ ਸੇਵਾਵਾਂ (ਜੋ ਭੋਜਨ ਵੇਚਦੇ ਹਨ)
- ਭੋਜਨ ਨਿਰਮਾਤਾ
- ਭੋਜਨ ਰਿਟੇਲਰ
- ਫੂਡ ਟਰੱਕ
- ਤਿਉਹਾਰਾਂ ਅਤੇ ਸਮਾਗਮਾਂ ਵਿਖੇ ਭੋਜਨ ਵਿਕ੍ਰੇਤਾ
- ਭੋਜਨ ਦੇ ਥੋਕ ਵਿਕ੍ਰੇਤਾ
- ਕਰਿਆਨੇ ਦੇ ਸਮਾਨ ਦੇ ਸਟੋਰ
- ਹਾਲ
- ਸੀਮਤ ਸੇਵਾ ਵਾਲੇ ਭੋਜਨ ਅਦਾਰੇ
- ਸ਼ਰਾਬ ਦੀਆਂ ਸੰਸਥਾਵਾਂ
- ਪ੍ਰਾਈਵੇਟ ਸਕੂਲ
- ਮਾਰਕੀਟ ਵਿਚਲੀਆਂ ਦੁਕਾਨਾਂ
- ਗੈਰ-ਮੁਨਾਫ਼ਾ ਕਾਰਪੋਰੇਸ਼ਨ
- ਰਜਿਸਟਰਡ ਚੈਰਿਟੀਆਂ
- ਰੈਸਟੋਰੈਂਟ
- ਸੜਕਾਂ 'ਤੇ ਭੋਜਨ ਪਦਾਰਥ ਵਿਕ੍ਰੇਤਾ
- ਥਿਏਟਰ
- ਸਥਾਨ

## ਛੋਟਾਂ

ਇਸ ਪੂਰੀ ਗਾਈਡ ਵਿੱਚ ਹਰੇਕ ਉਪਨਿਯਮ ਵਿੱਚ ਖਾਸ ਛੋਟਾਂ ਦਾ ਵਰਣਨ ਕੀਤਾ ਗਿਆ ਹੈ।

ਜੇ ਤੁਸੀਂ ਇਹ ਨਹੀਂ ਜਾਣਦੇ ਕਿ ਕਿਹੜੇ ਉਪਨਿਯਮ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਤਾਂ **vancouver.ca/reduce-single-use** 'ਤੇ ਜਾਓ ਜਾਂ ਸਾਡੀ ਪ੍ਰੋਜੈਕਟ ਟੀਮ ਨਾਲ **reducesingleuse@vancouver.ca** 'ਤੇ ਸੰਪਰਕ ਕਰੋ

---

1 ਬਿਨਾਂ ਪਕਾਏ ਖਾਧਾ ਜਾਣ ਵਾਲਾ ਭੋਜਨ।

2 ਚੈਰੀਟੇਬਲ ਭੋਜਨ ਸੇਵਾਵਾਂ ਨੂੰ ਕਿਸੇ ਸੰਸਥਾ ਦੁਆਰਾ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਮੁਹੱਈਆ ਕਰਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੈ ਅਤੇ ਚੰਗੀ ਸਥਿਤੀ ਵਿੱਚ ਹੈ, ਜਾਂ ਫੈਡਰਲ ਇਨਕਮ ਟੈਕਸ ਕਾਨੂੰਨ ਦੇ ਅਧੀਨ ਇੱਕ ਚੈਰੀਟੇਬਲ ਸੰਸਥਾ ਵਜੋਂ ਰਜਿਸਟਰਡ ਹੈ।



# ਫੋਮ ਬਾਰੇ ਉਪਨਿਯਮ

1 ਜਨਵਰੀ 2020 ਤੋਂ ਲਾਗੂ

## ਤੁਹਾਨੂੰ ਕੀ ਜਾਨਣ ਦੀ ਲੋੜ ਹੈ

- ਸਾਰੇ ਭੋਜਨ ਵਿਕ੍ਰੇਤਾਵਾਂ ਨੂੰ ਚਿੱਟੇ ਅਤੇ ਰੰਗਦਾਰ ਪੋਲੀਸਟਾਈਰੀਨ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ ਵਿੱਚ ਤਿਆਰ ਭੋਜਨ ਪਰੋਸਣ 'ਤੇ ਪਾਬੰਦੀ ਹੈ।
- ਪਾਬੰਦੀ ਵਿੱਚ ਸ਼ਾਮਲ ਹਨ, ਪਲੇਟਾਂ, ਕਟੋਰੇ, ਟ੍ਰੇਆਂ, ਕਾਰਟਨ ਅਤੇ ਕਬਜ਼ੇ ਵਾਲੇ ("ਕਲੈਮਸ਼ੈਲ") ਜਾਂ ਢੱਕਣ ਵਾਲੇ ਕੰਟੇਨਰ।
- ਇਹ ਪਾਬੰਦੀ ਅਜਿਹੇ ਭੋਜਨ ਪਦਾਰਥਾਂ ਲਈ ਵਰਤੇ ਜਾਂਦੇ ਫੋਮ ਦੇ ਕੱਪਾਂ ਅਤੇ ਕੰਟੇਨਰਾਂ 'ਤੇ ਲਾਗੂ ਹੁੰਦੀ ਹੈ ਜੋ:
    - ਕਾਰੋਬਾਰ ਵਾਲੀ ਥਾਂ ਤੇ ਵਰਤੇ ਜਾਂਦੇ ਹਨ
    - ਟੇਕ-ਆਉਟ ਜਾਂ ਡਿਲੀਵਰੀ ਵਜੋਂ ਦਿੱਤੇ ਜਾਂਦੇ ਹਨ
    - ਬਚੇ ਹੋਏ ਭੋਜਨ ਵਜੋਂ ਪੈਕ ਕੀਤੇ ਜਾਂਦੇ ਹਨ।

## *ਕੀ ਤੁਹਾਨੂੰ ਪਤਾ ਸੀ?*

- 78% ਵੈਨਕੂਵਰ ਨਿਵਾਸੀ ਫੋਮ 'ਤੇ ਪਾਬੰਦੀ ਦਾ ਸਮਰਥਨ ਕਰਦੇ ਹਨ। ਤੁਹਾਡੇ ਗਾਹਕਾਂ ਦੁਆਰਾ ਵੀ ਇਸਦਾ ਸਮਰਥਨ ਕਰਨ ਦੀ ਸੰਭਾਵਨਾ ਹੈ।
- ਵੈਨਕੂਵਰ ਦੇ 84% ਲੋਕ ਸੋਚਦੇ ਹਨ ਕਿ ਜਲਦੀ ਨਾਲ ਖਾਣਾ ਪਰੋਸਣ ਵਾਲੇ ਰੈਸਟੋਰੈਂਟਾਂ ਅਤੇ ਕੈਫੇਆਂ ਨੂੰ ਖਾਣ ਲਈ ਮੁੜ-ਵਰਤੋਂ ਯੋਗ ਭਾਂਡੇ ਮੁਹੱਈਆ ਕਰਵਾਉਣੇ ਚਾਹੀਦੇ ਹਨ।
- ਵੈਨਕੂਵਰ ਦੇ ਸਿਰਫ 6% ਵਸਨੀਕਾਂ ਨੇ ਦੱਸਿਆ ਕਿ ਉਹ ਫੋਮ ਨੂੰ ਕਿਸੇ ਰੀਸਾਈਕਲਿੰਗ ਡਿਪੂ ਵਿੱਚ ਲਿਆਉਂਦੇ ਹਨ।
- ਜ਼ਿਆਦਾਤਰ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ ਨੂੰ ਲੈਂਡਫਿਲ ਜਾਂ ਇਨਸਿਨੇਰੇਟਰ ਵਿੱਚ ਭੇਜਿਆ ਜਾਂਦਾ ਹੈ।
- ਗ੍ਰੇਟ ਕੈਨੇਡੀਅਨ ਸ਼ੋਅਰਲਾਈਨ ਕਲੀਨਅੱਪ (Great Canadian Shoreline Cleanup) ਦੇ ਅਨੁਸਾਰ 2019 ਵਿੱਚ ਫੋਮ ਕਨੇਡਾ ਦੇ ਸਮੁੰਦਰੀ ਕੰਢਿਆਂ 'ਤੇ ਪਾਇਆ ਗਿਆ 11ਵਾਂ ਸਭ ਤੋਂ ਆਮ ਕਿਸਮ ਦਾ ਕੂੜਾ ਸੀ।

## ਤੁਹਾਡੀ ਵਾਰੀ: ਉਪਨਿਯਮ ਦੀ ਪਾਲਣਾ ਕਰੋ

ਫੋਮ ਦੇ ਵਿਕਲਪ ਲੱਭੋ: ਇਸ ਗਾਈਡ ਦੇ ਪਿਛਲੇ ਪਾਸੇ ਫੋਮ ਦੇ ਸੁਝਾਏ ਗਏ ਵਿਕਲਪ ਸ਼ਾਮਲ ਹਨ। ਮੁਕੰਮਲ ਅਤੇ ਨਵੀਨਤਮ ਸੂਚੀ ਲਈ, **vancouver.ca/foam** 'ਤੇ ਜਾਓ

ਆਪਣੇ ਸਪਲਾਇਰ ਨਾਲ ਗੱਲ ਕਰੋ: ਸਪਲਾਇਰਾਂ ਨੂੰ ਪਾਬੰਦੀ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਹ ਕਿਫ਼ਾਇਤੀ, ਮੁੜ-ਵਰਤੋਂ ਯੋਗ, ਰੀਸਾਈਕਲ ਕਰਨ ਯੋਗ ਅਤੇ ਖਾਦ ਵਿੱਚ ਬਦਲਣ ਯੋਗ ਵਿਕਲਪ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

ਸਾਰੇ ਬਚੇ ਹੋਏ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ ਨੂੰ ਦਾਨ ਕਰੋ ਜਾਂ ਵੇਚੋ: ਕੋਈ ਵੀ ਬਾਕੀ ਬਚੀ ਫੋਮ ਵੈਨਕੂਵਰ ਤੋਂ ਬਾਹਰ ਦੇ ਕਾਰੋਬਾਰਾਂ ਨੂੰ ਵੇਚ ਦਿੱਤੀ ਜਾਣੀ ਚਾਹੀਦੀ ਹੈ ਜਾਂ ਚੈਰੀਟੇਬਲ ਫੂਡ ਸੇਵਾਵਾਂ ਨੂੰ ਦਾਨ ਕੀਤੀ ਜਾਣੀ ਚਾਹੀਦੀ ਹੈ (ਜੇ ਉਹ ਫੋਮ ਦੇ ਕੱਪਾਂ ਅਤੇ ਫੋਮ ਦੇ ਕੰਟੇਨਰਾਂ ਦਾ ਦਾਨ ਸਵੀਕਾਰ ਕਰ ਰਹੇ ਹਨ)।

ਮੁੜ-ਵਰਤੋਂ ਯੋਗ ਭਾਂਡਿਆਂ ਨੂੰ ਸੈਨੀਟਾਈਜ਼ ਕਰੋ: ਆਪਣੇ ਮੁੜ-ਵਰਤੋਂ ਯੋਗ ਬਰਤਨਾਂ ਨੂੰ ਸਾਫ਼ ਅਤੇ ਸੈਨੀਟਾਈਜ਼ ਕਰਨ ਲਈ ਵੈਨਕੂਵਰ ਕੋਸਟਲ ਹੈਲਥ ਦੁਆਰਾ ਮਨਜ਼ੂਰ ਕੀਤੀ ਆਪਣੀ ਭੋਜਨ ਸੁਰੱਖਿਆ ਅਤੇ ਸੈਨੀਟੇਸ਼ਨ ਯੋਜਨਾ ਦੀ ਪਾਲਣਾ ਕਰੋ।

## *ਛੋਟਾਂ*

### 1. ਹਸਪਤਾਲ ਅਤੇ ਕਮਿਊਨਿਟੀ ਕੇਅਰ ਸਹੂਲਤਾਂ

ਹਸਪਤਾਲਾਂ ਵਿੱਚ ਮਰੀਜ਼ਾਂ ਲਈ ਭੋਜਨ ਸੇਵਾ ਜਾਂ ਕਮਿਊਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ 'ਤੇ ਫੋਮ ਦੀ ਪਾਬੰਦੀ ਲਾਗੂ ਨਹੀਂ ਹੁੰਦੀ।

ਮਹੱਤਵਪੂਰਨ: ਫੋਮ 'ਤੇ ਪਾਬੰਦੀ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ 'ਤੇ ਲਾਗੂ ਹੁੰਦੀ ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਊਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਨ ਲਈ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

#### ਚੈਰੀਟੇਬਲ ਭੋਜਨ ਸੇਵਾਵਾਂ (ਇੱਕ ਸਾਲ ਦੀ ਛੋਟ)

ਉਪ-ਕਨੂੰਨ ਚੈਰੀਟੇਬਲ ਭੋਜਨ ਸੇਵਾਵਾਂ[3] ਨੂੰ 1 ਜਨਵਰੀ, 2021 ਤੱਕ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ 'ਤੇ ਪਾਬੰਦੀ ਤੋਂ ਛੋਟ ਦਿੰਦਾ ਹੈ। ਪਰ, ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਮੱਦੇਨਜ਼ਰ, ਸਿਟੀ ਦੁਆਰਾ ਇਸ ਬਾਰੇ ਵਿਵੇਕ ਦੀ ਵਰਤੋਂ ਕੀਤੀ ਜਾ ਰਹੀ ਹੈ ਕਿ ਸਿੰਗਲ-ਯੂਜ਼ ਚੀਜ਼ਾਂ ਨੂੰ ਘਟਾਉਣ ਲਈ ਵੈਨਕੂਵਰ ਦੇ ਉਪਨਿਯਮਾਂ ਨੂੰ ਕਦੋਂ ਅਤੇ ਕਿੱਥੇ ਲਾਗੂ ਕਰਨਾ ਹੈ। ਇਸ ਵਿਵੇਕ ਦੇ ਅੰਦਰ, ਚੈਰੀਟੇਬਲ ਭੋਜਨ ਸੇਵਾਵਾਂ ਕੋਵਿਡ-19 ਦੇ ਦੌਰਾਨ ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਵੰਡਣਾ ਜਾਰੀ ਰੱਖ ਸਕਦੀਆਂ ਹਨ। ਚੈਰੀਟੇਬਲ ਫੂਡ ਸਰਵਿਸਿਜ਼ ਤੋਂ ਜਿੰਨੀ ਜਲਦੀ ਉਹਨਾਂ ਲਈ ਸੰਭਵ ਹੋ ਸਕੇ (ਕੋਵਿਡ-19 ਦੇ ਦੌਰਾਨ ਜਾਂ ਇਸ ਤੋਂ ਬਾਅਦ) ਉਪਨਿਯਮਾਂ ਦੀ ਪਾਲਣਾ ਕਰਨ ਦੇ ਵੱਲ ਕੰਮ ਕਰਨਾ ਸ਼ੁਰੂ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

### 2. ਬਿਨਾਂ ਪਕਾਏ ਹੋਏ ਭੋਜਨ ਪਦਾਰਥਾਂ ਨੂੰ ਪੈਕ ਕਰਨ ਲਈ ਵਰਤੀਆਂ ਜਾਂਦੀਆਂ ਫੋਮ ਦੀਆਂ ਟ੍ਰੇਆਂ

ਫੋਮ 'ਤੇ ਪਾਬੰਦੀ ਬਿਨਾਂ ਪਕਾਏ ਹੋਏ ਮੀਟ, ਪੋਲਟਰੀ, ਸਮੁੰਦਰੀ ਭੋਜਨ, ਆਂਡਿਆਂ, ਜਾਂ ਸਬਜ਼ੀਆਂ 'ਤੇ ਲਾਗੂ ਨਹੀਂ ਹੁੰਦੀ ਹੈ ਜਿਨ੍ਹਾਂ ਨੂੰ ਖਾਣ ਤੋਂ ਪਹਿਲਾਂ ਅੱਗੇ ਹੋਰ ਤਿਆਰ ਕੀਤੇ ਜਾਣ ਦੀ ਲੋੜ ਹੁੰਦੀ ਹੈ।

### 3. ਵੈਨਕੂਵਰ ਦੇ ਬਾਹਰ ਪੈਕ ਕੀਤੇ ਗਏ ਭੋਜਨ ਪਦਾਰਥ

ਫੋਮ 'ਤੇ ਪਾਬੰਦੀ ਵੈਨਕੂਵਰ ਤੋਂ ਬਾਹਰ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ ਵਿੱਚ ਪੈਕ ਕੀਤੇ ਅਤੇ ਸੀਲ ਕੀਤੇ ਤਿਆਰ ਭੋਜਨ ਪਦਾਰਥਾਂ 'ਤੇ ਲਾਗੂ ਨਹੀਂ ਹੁੰਦੀ ਹੈ।

### 4. ਫੋਮ ਦੇ ਕੱਪਾਂ ਅਤੇ ਫੋਮ ਦੇ ਕਨਟੇਨਰਾਂ ਦੇ ਪੈਕੇਜ ਵੇਚਣੇ

ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਇੱਕ ਤੋਂ ਵੱਧ ਫੋਮ ਦੇ ਕੱਪਾਂ ਜਾਂ ਫੋਮ ਦੇ ਕੰਟੇਨਰਾਂ ਦੇ ਪੈਕ ਵੇਚਣ ਦੀ ਇਜਾਜ਼ਤ ਹੈ।

**ਪੂਰਾ ਉਪਨਿਯਮ vancouver.ca/reduce-single-use 'ਤੇ ਪੜ੍ਹੋ**

| | |
|---|---|
| ਉਪਨਿਯਮ ਨੰਬਰ 12416 | ਪੌਲੀਸਟਾਈਰੀਨ ਫੋਮ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਨ ਲਈ ਉਪਨਿਯਮ |
| ਉਪਨਿਯਮ ਨੰਬਰ 12604 | ਚੈਰੀਟੇਬਲ ਭੋਜਨ ਸੇਵਾਵਾਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਨ ਲਈ ਉਪਨਿਯਮ |

[3] ਚੈਰੀਟੇਬਲ ਭੋਜਨ ਸੇਵਾਵਾਂ ਦੀ ਛੋਟ ਲਈ ਯੋਗ ਬਣਨ ਵਾਸਤੇ ਲਾਜ਼ਮੀ ਹੈ ਕਿ ਸੰਗਠਨ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੋਣ ਅਤੇ ਚੰਗੀ ਸਥਿਤੀ ਵਿੱਚ ਹੋਣ, ਜਾਂ ਫੈਡਰਲ ਇਨਕਮ ਟੈਕਸ ਐਕਟ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੋਣ।



# ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ

22 ਅਪ੍ਰੈਲ 2020 ਤੋਂ ਲਾਗੂ

> ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਸਿਹਤ ਅਤੇ ਸੁਰੱਖਿਆ ਦੀਆਂ ਤਾਜ਼ਾ ਸੇਧਾਂ ਲਈ ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (BC Centre for Disease Control) ਦੀ ਨਿਯਮਿਤ ਤੌਰ 'ਤੇ ਜਾਂਚ ਕਰਦੇ ਰਹਿਣਾ ਚਾਹੀਦਾ ਹੈ।
>
> **bccdc.ca** 'ਤੇ ਜਾਓ ਅਤੇ "food businesses" ਖੋਜੋ।

## ਤੁਹਾਨੂੰ ਕੀ ਜਾਨਣ ਦੀ ਲੋੜ ਹੈ

*ਸੁਲੱਭਤਾ ਦੀ ਲੋੜ (ਪੰਨਾ 10 'ਤੇ ਹੋਰ)*

- ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਲਈ ਲਾਜ਼ਮੀ ਹੈ ਕਿ ਉਹ ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ, ਸਟੋਰ ਕਰਨ ਅਤੇ ਉਸ ਵੇਲੇ ਗਾਹਕਾਂ ਨੂੰ ਦੇਣ ਜਦੋਂ:
    - ਕੋਈ ਗਾਹਕ ਇਹ ਮੰਗਦਾ ਹੈ।
    - ਭੋਜਨ ਵਿਕ੍ਰੇਤਾ ਕਿਸੇ ਗਾਹਕ ਨੂੰ ਪੁੱਛਦਾ ਹੈ ਕਿ ਕੀ ਉਹਨਾਂ ਨੂੰ ਇਹ ਚਾਹੀਦਾ ਹੈ, ਅਤੇ ਗਾਹਕ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹਨਾਂ ਨੂੰ ਚਾਹੀਦਾ ਹੈ।
- ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੰਗਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਹ ਮਿਲਣਾ ਚਾਹੀਦਾ ਹੈ। ਲੋਕਾਂ ਨੂੰ ਆਪਣੀ ਲੋੜ ਸਾਬਤ ਕਰਨ ਲਈ ਕੋਈ ਡਾਕਟਰੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ ਅਤੇ ਉਹਨਾਂ ਤੋਂ ਇਹ ਨਹੀਂ ਮੰਗੀ ਜਾਣੀ ਚਾਹੀਦੀ।
- ਲਚਕੀਲੇ ਪਲਾਸਟਿਕ ਦੇ ਸਟ੍ਰਾਅ ਕਾਉਂਟਰ ਦੇ ਪਿੱਛੇ ਸਟੋਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਉਹਨਾਂ ਦੀ ਲੋੜ ਵਾਲੇ ਲੋਕਾਂ ਲਈ ਉਪਲਬਧ ਹੋਣ।

*ਹੋਰ ਸਾਰੇ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ, ਜਿਨ੍ਹਾਂ ਵਿੱਚ ਸ਼ਾਮਲ ਹਨ:*

- ਜੈਵਿਕ ਬਾਲਣ ਉਤਪਾਦਾਂ ਤੋਂ ਬਣੇ ਪਲਾਸਟਿਕ।
- ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ (ਬਾਇਓਡਿਗ੍ਰੇਡੇਬਲ, ਆਕਸੋਡਿਗ੍ਰੇਡੇਬਲ, ਫੋਟੋਡਿਗ੍ਰੇਡੇਬਲ, ਆਦਿ) ਵਜੋਂ ਲੇਬਲ ਕੀਤਾ ਜਾਂ ਵਰਣਿਤ ਪਲਾਸਟਿਕ।
- ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ (ਮੱਕੀ, ਆਲੂ, ਗੰਨੇ, ਆਦਿ) ਤੋਂ ਬਣੇ ਪਲਾਸਟਿਕ, ਜਿਵੇਂ ਕਿ PLA (ਪੌਲੀਲੈਕਟਿਕ ਐਸਿਡ)
- ਪੌਦਿਆਂ ਦੇ ਰੇਸ਼ੇ ਜਾਂ ਹੋਰ ਸਮੱਗਰੀ (ਗੰਨੇ, ਆਦਿ) ਮਿਲਾਇਆ ਗਿਆ ਪਲਾਸਟਿਕ।
- ਬਾਇਓਪਲਾਸਟਿਕਸ ਵਜੋਂ ਲੇਬਲ ਕੀਤਾ ਜਾਂ ਵਰਣਿਤ ਪਲਾਸਟਿਕ।
- ਕਿਸੇ ਵੀ ਕਿਸਮ ਦੇ ਪਲਾਸਟਿਕ ਦੀ ਲਾਈਨਿੰਗ ਵਾਲੇ ਕਾਗਜ਼ ਦੇ ਸਟ੍ਰਾਅ।

## *ਕੀ ਤੁਹਾਨੂੰ ਪਤਾ ਸੀ?*

- 2018 ਵਿੱਚ, ਵੈਨਕੂਵਰ ਵਿੱਚ ਲਗਭਗ 31 ਮਿਲੀਅਨ ਪਲਾਸਟਿਕ ਦੇ ਸਟ੍ਰਾਅ ਕੂੜੇਦਾਨ ਵਿੱਚ ਸੁੱਟੇ ਗਏ ਸਨ। ਉਸ ਤੋਂ ਇਲਾਵਾ, ਅਗਿਆਤ ਸੰਖਿਆ ਵਿੱਚ ਪਲਾਸਟਿਕ ਦੇ ਸਟ੍ਰਾਅ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤੇ ਗਏ ਸਨ।

## ਤੁਹਾਡੀ ਵਾਰੀ: ਉਪਨਿਯਮ ਦੀ ਪਾਲਣਾ ਕਰੋ

**ਸੁਲੱਭਤਾ ਲਈ ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ, ਦਾ ਆਰਡਰ ਕਰੋ:** ਇਹ ਸਟ੍ਰਾਅ ਭੋਜਨ ਪਦਾਰਥਾਂ ਦੇ ਸਾਰੇ ਵਿਕ੍ਰੇਤਾਵਾਂ ਦੁਆਰਾ ਸਟੋਰ ਕੀਤੇ ਜਾਣੇ ਚਾਹੀਦੇ ਹਨ ਅਤੇ ਬੇਨਤੀ ਕਰਨ 'ਤੇ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ। ਇਹ ਸਟ੍ਰਾਅ ਵੇਚਣ ਵਾਲੇ ਸਪਲਾਇਰਾਂ ਦੀ ਇੱਕ ਸੂਚੀ **vancouver.ca/straws** 'ਤੇ ਉਪਲਬਧ ਹੈ

**ਆਪਣੇ ਸਪਲਾਇਰ ਨਾਲ ਪਾਬੰਦੀ ਵਾਲੇ ਸਟ੍ਰਾਅ ਦੇ ਵਿਕਲਪਾਂ ਬਾਰੇ ਗੱਲ ਕਰੋ:** ਸੁਝਾਏ ਗਏ ਵਿਕਲਪਾਂ ਲਈ ਪੇਜ 23-25 ਦੇਖੋ।

**ਜੇ ਤੁਸੀਂ ਬੱਬਲ ਟੀ (ਚਾਹ) ਪਰੋਸਦੇ ਹੋ ਤਾਂ ਬੱਬਲ ਟੀ ਸਟ੍ਰਾਅ ਵਾਸਤੇ ਛੋਟ ਲਈ ਅਰਜ਼ੀ ਦਿਓ:** ਬੱਬਲ ਟੀ ਦੀ ਛੋਟ ਬਾਰੇ ਵਧੇਰੇ ਜਾਣਕਾਰੀ ਪੰਨਾ 11 'ਤੇ ਹੈ। ਮਹੱਤਵਪੂਰਨ: ਬੱਬਲ ਟੀ ਵਿਕ੍ਰੇਤਾਵਾਂ ਨੂੰ ਹਾਲੇ ਵੀ ਸੁਲੱਭਤਾ ਲਈ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਸਟੋਰ ਕਰਨ ਅਤੇ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ।

**ਆਪਣੇ ਮੀਨੂ ਵਿੱਚ ਪਹੁੰਚਯੋਗ ਸਟ੍ਰਾਅ ਆਇਕਨ ਸ਼ਾਮਲ ਕਰੋ:** ਅਪਾਹਜਤਾਵਾਂ ਵਾਲੇ ਸਰਪ੍ਰਸਤ ਨੂੰ ਇਹ ਦਿਖਾਉਣ ਲਈ ਕਿ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਉਹਨਾਂ ਲਈ ਉਪਲਬਧ ਹਨ, ਇਸ ਆਇਕਨ (ਟੂਲਕਿੱਟ ਵਿੱਚ ਉਪਲਬਧ) ਨੂੰ ਆਪਣੇ ਪ੍ਰਿੰਟ ਅਤੇ ਵੈੱਬਸਾਈਟ ਮੀਨੂ ਵਿੱਚ ਸ਼ਾਮਲ ਕਰੋ।

**ਆਪਣੇ ਸਾਫਟਵੇਅਰ ਨੂੰ ਅੱਪਡੇਟ ਕਰੋ:** ਆਪਣੇ ਆਨਲਾਈਨ, ਮੋਬਾਈਲ ਅਤੇ ਟੈਲੀਫ਼ੋਨ ਆਰਡਰਿੰਗ ਸਿਸਟਮਾਂ ਨੂੰ ਅੱਪਡੇਟ ਕਰੋ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਜੇ ਸੁਲੱਭਤਾ ਲਈ ਲੋੜ ਹੋਵੇ ਤਾਂ ਗਾਹਕ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੰਗ ਸਕਦੇ ਹਨ। ਇਹ ਨਮੂਨਾ ਸ਼ਬਦ ਹਨ ਜੋ ਤੁਸੀਂ ਆਪਣੇ ਆਰਡਰਿੰਗ ਪਲੇਟਫਾਰਮਾਂ 'ਤੇ ਵਰਤ ਸਕਦੇ ਹੋ:

> **ਲਚਕੀਲੇ ਪਲਾਸਟਿਕ ਦੇ ਸਟ੍ਰਾਅ (ਸੁਲੱਭਤਾ ਲਈ)**
> ਲਚਕੀਲੇ ਪਲਾਸਟਿਕ ਦੇ ਸਟ੍ਰਾਅ ਉਹਨਾਂ ਗਾਹਕਾਂ ਲਈ ਉਪਲਬਧ ਹਨ ਜੋ ਸਟ੍ਰਾਅ ਦੇ ਬਿਨਾਂ ਪੀ ਨਹੀਂ ਸਕਦੇ ਹਨ, ਜਾਂ ਜਿਨ੍ਹਾਂ ਨੂੰ ਪੀਣ ਵਿੱਚ ਮੁਸ਼ਕਲ ਹੁੰਦੀ ਹੈ, ਤਾਂ ਜੋ ਉਹ ਪੀਣ ਅਤੇ ਪੋਸ਼ਕ ਪਦਾਰਥਾਂ ਦਾ ਸੁਰੱਖਿਅਤ ਤਰੀਕੇ ਨਾਲ ਸੇਵਨ ਕਰ ਸਕਣ।

**ਆਪਣੇ ਸਟਾਫ਼ ਨੂੰ ਸਿਖਲਾਈ ਦਿਓ:** ਇਹ ਪੱਕਾ ਕਰੋ ਕਿ ਸਟਾਫ਼ ਸਟ੍ਰਾਅ ਬਾਰੇ ਉਪਨਿਯਮਾਂ ਨੂੰ ਸਮਝਦਾ ਹੈ ਅਤੇ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਦੀ ਮੰਗ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਆਪਣੀ ਲੋੜ ਸਾਬਤ ਕਰਨ ਲਈ ਕੋਈ ਡਾਕਟਰੀ ਜਾਣਕਾਰੀ ਦੇਣ ਲਈ ਕਹੇ ਬਿਨਾਂ ਇਹ ਮਿਲਦਾ ਹੈ।

**ਲਚਕੀਲੇ ਪਲਾਸਟਿਕ ਦੇ ਸਟ੍ਰਾਅ ਕਾਊਂਟਰ ਦੇ ਪਿੱਛੇ ਰੱਖੋ:** ਸਵੈ-ਸੇਵਾ ਸਟੇਸ਼ਨਾਂ 'ਤੇ ਨਹੀਂ।

**ਜੇ ਤੁਸੀਂ ਮੁੜ-ਵਰਤੋਂ ਯੋਗ ਸਟ੍ਰਾਅ ਦੇ ਨਾਲ ਪੀਣ ਵਾਲੇ ਪਦਾਰਥ ਪਰੋਸਦੇ ਹੋ ਤਾਂ VCH ਦੀਆਂ ਸੈਨੀਟੇਸ਼ਨ ਸੇਧਾਂ ਦੀ ਪਾਲਣਾ ਕਰੋ:** ਆਪਣੇ ਮੁੜ-ਵਰਤੋਂ ਯੋਗ ਸਟ੍ਰਾਆਂ ਨੂੰ ਸਾਫ਼ ਅਤੇ ਸੈਨੀਟਾਈਜ਼ ਕਰਨ ਲਈ ਵੈਨਕੂਵਰ ਕੋਸਟਲ ਹੈਲਥ ਦੁਆਰਾ ਮਨਜ਼ੂਰ ਕੀਤੀ ਆਪਣੀ ਭੋਜਨ ਸੁਰੱਖਿਆ ਅਤੇ ਸੈਨੀਟੇਸ਼ਨ ਯੋਜਨਾ ਦੀ ਪਾਲਣਾ ਕਰੋ।

## ਪਲਾਸਟਿਕ ਸਟ੍ਰਾਅ 'ਤੇ ਪਾਬੰਦੀ

### *ਸੁਝਾਏ ਗਏ ਵਿਕਲਪ*

ਸਟ੍ਰਾਅ ਜਿਨ੍ਹਾਂ ਨੂੰ ਵੈਨਕੂਵਰ ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਖਾਦ ਵਿੱਚ ਬਦਲਿਆ ਜਾ ਸਕਦਾ ਹੈ:

- ਕਾਗਜ਼ ਦੇ ਸਟ੍ਰਾਅ ਜਿਨ੍ਹਾਂ 'ਤੇ ਕਿਸੇ ਵੀ ਕਿਸਮ ਦੀ ਪਲਾਸਟਿਕ ਦੀ ਲਾਈਨਿੰਗ ਨਹੀਂ ਹੈ
- ਕਾਗਜ਼ ਦੇ ਸਟ੍ਰਾਅ (ਹਾਲਾਂਕਿ, ਐਲਰਜੀ ਪੈਦਾ ਕਰਨ ਵਾਲੇ ਹੋ ਸਕਦੇ ਹਨ)
- ਚਾਵਲਾਂ ਅਤੇ ਟੈਪਿਓਕਾ ਸਟ੍ਰਾਅ (ਹਾਲਾਂਕਿ, ਐਲਰਜੀ ਪੈਦਾ ਕਰਨ ਵਾਲੇ ਹੋ ਸਕਦੇ ਹਨ)
- ਘਾਹ ਅਤੇ ਰਾਈ ਵਰਗੇ ਅਨਾਜ ਦੀਆਂ ਡੰਡੀਆਂ ਤੋਂ ਬਣੇ ਸਟ੍ਰਾਅ
- ਦਬਾਏ ਗਏ ਪੱਤਿਆਂ ਤੋਂ ਬਣੇ ਸਟ੍ਰਾਅ
- ਅਸਲੀ, ਪੂਰੇ ਬਾਂਸ ਤੋਂ ਬਣੇ ਬਾਂਸ ਦੇ ਸਟ੍ਰਾਅ

**ਮੁੜ-ਵਰਤੋਂ ਯੋਗ ਸਟ੍ਰਾਅ:** ਜੇ ਤੁਸੀਂ ਮੁੜ-ਵਰਤੋਂ ਯੋਗ ਸਟ੍ਰਾਅ ਵਰਤਦੇ ਹੋ ਤਾਂ ਇਹ ਪੱਕਾ ਕਰਨ ਲਈ ਵੈਨਕੂਵਰ ਕੋਸਟਲ ਹੈਲਥ ਨਾਲ ਕੰਮ ਕਰੋ ਕਿ ਤੁਹਾਡੇ ਕੋਲ ਉਹਨਾਂ ਨੂੰ ਚੰਗੀ ਤਰ੍ਹਾਂ ਧੋਣ ਅਤੇ ਰੋਗਾਣੂ-ਮੁਕਤ ਕਰਨ ਲਈ ਸਿਸਟਮ ਮੌਜੂਦ ਹਨ।

### *ਪਾਬੰਦੀਸ਼ੁਦਾ*

ਪਾਬੰਦੀਸ਼ੁਦਾ ਸਟ੍ਰਾਅ ਵਿੱਚ ਉਹ ਸ਼ਾਮਲ ਹਨ ਜੋ ਇਹਨਾਂ ਚੀਜ਼ਾਂ ਤੋਂ ਬਣੇ ਹਨ:

- ਜੈਵਿਕ ਬਾਲਣ ਉਤਪਾਦਾਂ ਤੋਂ ਬਣੇ ਪਲਾਸਟਿਕ
- ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ (ਬਾਇਓਡਿਗ੍ਰੇਡੇਬਲ, ਆਕਸੋਡਿਗ੍ਰੇਡੇਬਲ, ਫੋਟੋਡਿਗ੍ਰੇਡੇਬਲ, ਆਦਿ) ਵਜੋਂ ਲੇਬਲ ਕੀਤਾ ਜਾਂ ਵਰਣਿਤ ਪਲਾਸਟਿਕ
- ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ (ਮੱਕੀ, ਆਲੂ, ਗੰਨੇ, ਆਦਿ) ਤੋਂ ਬਣੇ ਪਲਾਸਟਿਕ, ਜਿਵੇਂ ਕਿ PLA (ਪੌਲੀਲੈਕਟਿਕ ਐਸਿਡ)
- ਪੌਦਿਆਂ ਦੇ ਰੇਸ਼ੇ ਜਾਂ ਹੋਰ ਸਮੱਗਰੀ (ਗੰਨੇ, ਆਦਿ) ਮਿਲਾਇਆ ਗਿਆ ਪਲਾਸਟਿਕ
- ਬਾਇਓਪਲਾਸਟਿਕਸ ਵਜੋਂ ਲੇਬਲ ਕੀਤਾ ਜਾਂ ਵਰਣਿਤ ਪਲਾਸਟਿਕ
- ਕਿਸੇ ਵੀ ਕਿਸਮ ਦੇ ਪਲਾਸਟਿਕ ਦੀ ਲਾਈਨਿੰਗ ਵਾਲੇ ਕਾਗਜ਼ ਦੇ ਸਟ੍ਰਾਅ

***ਮਹੱਤਵਪੂਰਨ:*** ਉਪਰੋਕਤ ਸੂਚੀਬੱਧ ਸਮੱਗਰੀ ਵਿਚੋਂ ਕਿਸੇ ਨੂੰ ਵੀ ਵੈਨਕੂਵਰ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ।

## ਸੁਲੱਭਤਾ ਸੰਬੰਧੀ ਲੋੜ

### *ਸਾਰੇ ਫੂਡ ਵਿਕ੍ਰੇਤਾਵਾਂ ਲਈ ਲਾਜ਼ਮੀ ਹੈ ਕਿ ਉਹ ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ, ਸਟੋਰ ਕਰਨ ਅਤੇ ਮੁਹੱਈਆ ਕਰਵਾਉਣ*

ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ, ਸੁਲੱਭਤਾ ਦੀ ਵਿਆਪਕ ਰੇਂਜ ਨੂੰ ਪੂਰਾ ਕਰਦੇ ਹਨ ਅਤੇ ਇਹ ਪੱਕਾ ਕਰਦੇ ਹਨ ਕਿ ਜੋ ਗਾਹਕ ਸਟ੍ਰਾਅ ਦੇ ਬਿਨਾਂ ਪੀ ਨਹੀਂ ਸਕਦੇ ਹਨ, ਜਾਂ ਜਿਨ੍ਹਾਂ ਨੂੰ ਪੀਣ ਵਿੱਚ ਮੁਸ਼ਕਲ ਹੁੰਦੀ ਹੈ, ਉਹ ਸੁਰੱਖਿਅਤ ਤਰੀਕੇ ਨਾਲ ਪੀਣ ਵਾਲੇ ਪਦਾਰਥਾਂ ਅਤੇ ਪੋਸ਼ਣ ਦਾ ਸੇਵਨ ਕਰ ਸਕਣ। ਉਮਰ ਨਾਲ ਸੰਬੰਧਿਤ ਸਰੀਰਕ ਪਾਬੰਦੀਆਂ, ਗਠੀਆ, ਆਟੋ-ਇਮਿਊਨ ਬਿਮਾਰੀ, ਆਟਿਜ਼ਮ, ਸੇਰੇਬਰਲ ਪਾਲਸੀ (ਦਿਮਾਗ ਦਾ ਅਧਰੰਗ), ਦੰਦਾਂ ਅਤੇ ਮੂੰਹ ਦੀਆਂ ਸਮੱਸਿਆਵਾਂ, ਮਲਟੀਪਲ ਸਕੇਲੋਰੋਸਿਸ, ਮਾਂਸਪੇਸ਼ੀਆਂ ਦੀ ਖ਼ਰਾਬੀ, ਤੰਤੂ ਸੰਬੰਧੀ ਬਿਮਾਰੀ, ਰੀੜ੍ਹ ਦੀ ਹੱਡੀ ਦੀਆਂ ਸੱਟਾਂ, ਸਟ੍ਰੋਕ ਤੋਂ ਰਿਕਵਰੀ ਅਤੇ ਮੁੜ ਵਸੇਬਾ, ਸਰਜਰੀ ਤੋਂ ਰਿਕਵਰੀ, ਅਤੇ ਹੋਰ ਬਿਮਾਰੀਆਂ ਅਤੇ ਸੱਟਾਂ ਦਾ ਅਨੁਭਵ ਕਰ ਲੋਕ ਲਚਕੀਲੇ ਪਲਾਸਟਿਕ ਦੇ ਸਟ੍ਰਾਅ 'ਤੇ ਨਿਰਭਰ ਹੋ ਸਕਦੇ ਹਨ।

ਇਹ ਜ਼ਰੂਰਤ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀਆਂ ਦੇ ਵਿਚਕਾਰ ਸੁਲੱਭਤਾ ਲਈ ਉੱਚਤਮ ਮਿਆਰ ਨਿਰਧਾਰਤ ਕਰਦੀ ਹੈ ਅਤੇ ਵੈਨਕੂਵਰ ਦੇ ਵਿਵਿਧ ਭਾਈਚਾਰਿਆਂ ਵਿੱਚ ਸਾਰੇ ਲੋਕਾਂ ਨੂੰ ਸ਼ਾਮਲ ਕਰਨ ਨੂੰ ਤਰਜੀਹ ਦਿੰਦੀ ਹੈ।

**ਲਚਕੀਲੇ ਪਲਾਸਟਿਕ ਦੇ ਸਟ੍ਰਾਅ ਲਈ ਵੇਰਵੇ:**

- ਜੈਵਿਕ ਬਾਲਣ ਉਤਪਾਦਾਂ ਤੋਂ ਬਣੇ ਪਲਾਸਟਿਕ (ਜਿਵੇਂ ਕਿ ਪੋਲੀਪ੍ਰੋਪਾਈਲੀਨ);
- ਸਿਖਰ ਦੇ ਨੇੜੇ ਇੱਕ ਲਚਕੀਲਾ ਭਾਗ ਹੋਣਾ ਚਾਹੀਦਾ ਹੈ ਜੋ ਸਟ੍ਰਾਅ ਨੂੰ ਮੋੜਨ ਅਤੇ ਸਥਿਤੀ ਵਿੱਚ ਬਣਿਆ ਰਹਿਣ ਦਿੰਦਾ ਹੈ;
- ਜਦੋਂ ਸਟ੍ਰਾਅ ਨਾ ਖਿੱਚਿਆ ਨਾ ਗਿਆ ਹੋਵੇ ਤਾਂ ਸੁਝਾਈ ਗਈ ਘੱਟੋ-ਘੱਟ ਲੰਬਾਈ 19.5 ਸੈਂਟੀਮੀਟਰ, ਅਤੇ ਲਗਭਗ 0.5 ਸੈਂਟੀਮੀਟਰ ਦਾ ਵਿਆਸ;
- ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ।
- ***ਮਹੱਤਵਪੂਰਨ:*** ਲਚਕੀਲੇ ਪਲਾਸਟਿਕ ਦੇ ਸਟ੍ਰਾਅ ਅਜਿਹੇ ਪਲਾਸਟਿਕ ਤੋਂ ਨਹੀਂ ਬਣਾਏ ਜਾ ਸਕਦੇ ਹਨ ਜਿਸ ਨੂੰ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ ਜਾਂ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣਾਏ ਗਏ ਵਜੋਂ ਲੇਬਲ ਜਾਂ ਵਰਣਿਤ ਕੀਤਾ ਗਿਆ ਹੋਵੇ। ਇਹ ਪਲਾਸਟਿਕ ਗਰਮ ਤਰਲ ਵਿੱਚ ਘੁਲ ਸਕਦੇ ਹਨ ਜਾਂ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ ਪੈਦਾ ਕਰ ਸਕਦੇ ਹਨ, ਅਤੇ ਸੁਲੱਭਤਾ ਸੰਬੰਧੀ ਲੋੜਾਂ ਨੂੰ ਪੂਰਾ ਨਹੀਂ ਕਰਦੇ ਹਨ।

**ਲਚਕੀਲੇ ਪਲਾਸਟਿਕ ਦੇ ਸਟ੍ਰਾਅ ਨੂੰ ਕੀ ਕਹਿਣਾ ਹੈ ਅਤੇ ਉਹਨਾਂ ਦੀ ਲੋੜਾਂ ਦਾ ਇਸ਼ਤਿਹਾਰ ਕਿਵੇਂ ਦੇਣਾ ਹੈ:**

- **ਨਾਮ:** ਲਚਕੀਲੇ ਪਲਾਸਟਿਕ ਦੇ ਸਟ੍ਰਾਅ (ਸੁਲੱਭਤਾ ਲਈ)
- **ਵਰਣਨ:** ਲਚਕੀਲੇ ਪਲਾਸਟਿਕ ਦੇ ਸਟ੍ਰਾਅ ਉਹਨਾਂ ਗਾਹਕਾਂ ਲਈ ਉਪਲਬਧ ਹਨ ਜੋ ਸਟ੍ਰਾਅ ਦੇ ਬਿਨਾਂ ਪੀ ਨਹੀਂ ਸਕਦੇ ਹਨ, ਜਾਂ ਜਿਨ੍ਹਾਂ ਨੂੰ ਪੀਣ ਵਿੱਚ ਮੁਸ਼ਕਲ ਹੁੰਦੀ ਹੈ, ਤਾਂ ਜੋ ਉਹ ਪੀਣ ਅਤੇ ਪੋਸ਼ਕ ਪਦਾਰਥਾਂ ਦਾ ਸੁਰੱਖਿਅਤ ਤਰੀਕੇ ਨਾਲ ਸੇਵਨ ਕਰ ਸਕਣ।

## ਲਚਕੀਲੇ ਪਲਾਸਟਿਕ ਦੇ ਸਟ੍ਰਾਅ ਲਈ ਮੀਨੂ ਆਇਕਾਨ

ਗਾਹਕਾਂ ਨੂੰ ਇਹ ਦਿਖਾਉਣ ਲਈ ਕਿ ਤੁਸੀਂ ਪਲਾਸਟਿਕ ਦੇ ਸਟ੍ਰਾਅ ਲਈ ਉਪਨਿਯਮ ਦੀ ਪਾਲਣਾ ਕਰਦੇ ਹੋ ਅਤੇ ਉਹਨਾਂ ਗਾਹਕਾਂ ਲਈ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਉਪਲਬਧ ਹਨ ਜਿਨ੍ਹਾਂ ਨੂੰ ਇਹਨਾਂ ਦੀ ਲੋੜ ਹੈ, ਇਸ ਆਇਕਨ ਨੂੰ ਆਪਣੇ ਮੀਨੂ ਵਿੱਚ ਸ਼ਾਮਲ ਕਰੋ।

**ਸਰੋਤ ਡਾਊਨਲੋਡ ਕਰਨ ਜਾਂ ਮੰਗਵਾਉਣ ਲਈ vancouver.ca/straws 'ਤੇ ਜਾਓ ਜਿਸ ਵਿੱਚ ਸ਼ਾਮਲ ਹੈ:**

- **ਪੋਸਟਰ**
- **ਨਮੂਨਾ ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹਰੇਕ ਨੂੰ ਵੱਖਰੇ ਕਾਗਜ਼ ਵਿੱਚ ਲਪੇਟਿਆ (ਸੁਲੱਭਤਾ ਲਈ)**
- **ਲਚਕੀਲੇ ਪਲਾਸਟਿਕ ਸਟ੍ਰਾਅ ਲਈ ਮੀਨੂ ਆਇਕਾਨ ਅਤੇ ਸਟਿੱਕਰ ਸ਼ੀਟਾਂ (ਸੁਲੱਭਤਾ ਲਈ)**
- **ਚੈੱਕਆਉਟ ਸਟੈਂਡ ਅਤੇ ਮੀਨੂ ਸਕ੍ਰੀਨਾਂ ਲਈ ਡਿਜੀਟਲ ਫਾਈਲਾਂ**
- **ਅਕਸਰ ਪੁੱਛੇ ਜਾਣ ਵਾਲੇ ਸਵਾਲ**


**Flexible Plastic Straws Available**

*ਮੀਨੂ ਆਇਕਨ ਨੂੰ ਵੈਨਕੂਵਰ ਸਿਟੀ ਦੇ ਵੈਨਕੂਵਰ ਦੀ ਅਸਮਰਥਤਾਵਾਂ ਵਾਲੇ ਲੋਕਾਂ ਲਈ ਸਲਾਹਕਾਰੀ ਕਮੇਟੀ (Persons with Disabilities Advisory Committee) ਦੇ ਨਾਲ ਸਲਾਹ-ਮਸ਼ਵਰੇ ਵਿੱਚ ਤਿਆਰ ਕੀਤਾ ਗਿਆ ਸੀ।*

## *ਛੋਟਾਂ*

### 1. ਹਸਪਤਾਲ ਅਤੇ ਕਮਿਊਨਿਟੀ ਕੇਅਰ ਸਹੂਲਤਾਂ

ਹਸਪਤਾਲਾਂ ਵਿੱਚ ਮਰੀਜ਼ਾਂ ਲਈ ਭੋਜਨ ਸੇਵਾ ਜਾਂ ਕਮਿਊਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ 'ਤੇ ਪਲਾਸਟਿਕ ਦੇ ਸਟ੍ਰਾਅ ਬਾਰੇ ਉਪਨਿਯਮ ਲਾਗੂ ਨਹੀਂ ਹੁੰਦਾ ਹੈ।

***ਮਹੱਤਵਪੂਰਨ:*** ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ 'ਤੇ ਲਾਗੂ ***ਹੁੰਦਾ*** ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਊਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਨ ਲਈ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

### 2. ਪੀਣ ਵਾਲੇ ਪਦਾਰਥ ਦੇ ਡੱਬੇ ਅਤੇ ਪਾਉਚ

ਉਪਨਿਯਮ ਪੀਣ ਵਾਲੇ ਪਦਾਰਥਾਂ ਦੇ ਡੱਬਿਆਂ ਅਤੇ ਪੀਣ ਵਾਲੇ ਪਦਾਰਥਾਂ ਦੇ ਪਾਉਚਾਂ ਨਾਲ ਜੁੜੇ ਪਲਾਸਟਿਕ ਦੇ ਸਟ੍ਰਾਅ 'ਤੇ ਲਾਗੂ ਨਹੀਂ ਹੁੰਦਾ ਹੈ।

### 3. ਪਲਾਸਟਿਕ ਦੇ ਸਟ੍ਰਾਅ ਦੇ ਪੈਕੇਜ ਵੇਚਣੇ

ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਘੱਟੋ-ਘੱਟ 20 ਪਲਾਸਟਿਕ ਦੇ ਸਟ੍ਰਾਅ ਦੇ ਪੈਕੇਜ ਵੇਚਣ ਦੀ ਇਜਾਜ਼ਤ ਹੈ।

### 4. ਇਕ ਸਾਲ ਦੀ ਬੱਬਲ ਟੀ ਸਟ੍ਰਾਅ ਦੀ ਛੋਟ

**ਭੋਜਨ ਵਿਕ੍ਰੇਤਾਵਾਂ ਨੂੰ ਲਾਜ਼ਮੀ ਤੌਰ 'ਤੇ vancouver.ca/straws 'ਤੇ ਬੱਬਲ ਟੀ ਸਟ੍ਰਾਅ ਲਈ ਅਰਜ਼ੀ ਦੇਣੀ ਚਾਹੀਦੀ ਹੈ**

ਬੱਬਲ ਟੀ ਡ੍ਰਿੰਕ ਦੇ ਨਾਲ ਦਿੱਤੇ ਜਾਣ ਵਾਲੇ ਪਲਾਸਟਿਕ ਦੇ ਸਟ੍ਰਾਅ ਲਈ ਇੱਕ ਸਾਲ ਦੀ ਛੋਟ ਉਪਲਬਧ ਹੈ। ਇਹ ਛੋਟ ਭੋਜਨ ਵਿਕ੍ਰੇਤਾਵਾਂ ਨੂੰ 21 ਅਪ੍ਰੈਲ, 2021 ਤੱਕ ਪਲਾਸਟਿਕ ਦੇ ਸਟ੍ਰਾਅ ਬੱਬਲ ਟੀ ਪਰੋਸਣ ਦੀ ਆਗਿਆ ਦਿੰਦੀ ਹੈ।

ਬੱਬਲ ਟੀ ਸਟ੍ਰਾਅ ਦੀ ਛੋਟ ਆਪਣੇ-ਆਪ ਨਹੀਂ ਮਿਲਦੀ ਹੈ ਅਤੇ ਯੋਗ ਬਣਨ ਲਈ ਲਾਜ਼ਮੀ ਹੈ ਕਿ ਕਾਰੋਬਾਰ:

- ਬੱਬਲ ਟੀ ਡ੍ਰਿੰਕ ਵੇਚਦੇ ਜਾਂ ਪਰੋਸਦੇ ਹੋਣ; ਅਤੇ
- "ਬੱਬਲ ਟੀ ਸਟ੍ਰਾਅ ਲਈ ਛੋਟ" ਫਾਰਮ ਜਮ੍ਹਾਂ ਕਰਕੇ ਸਿਟੀ ਨੂੰ ਛੋਟ ਲਈ ਅਰਜ਼ੀ ਦੇਣ; ਅਤੇ
- ਹਰੇਕ ਕਾਰੋਬਾਰੀ ਸਥਾਨ ਲਈ ਇੱਕ ਛੋਟ ਫਾਰਮ ਜਮ੍ਹਾਂ ਕਰਨ (ਜੇ ਵੈਨਕੂਵਰ ਵਿੱਚ ਤੁਹਾਡੇ ਇੱਕ ਤੋਂ ਜ਼ਿਆਦਾ ਸਥਾਨ ਹਨ)।

***ਯਾਦ ਰੱਖੋ:***

- ਬੱਬਲ ਟੀ ਸਟ੍ਰਾਅ ਦੀ ਛੋਟ ਸਿਰਫ ਬੱਬਲ ਟੀ ਦੇ ਨਾਲ ਪਰੋਸੇ ਜਾਂਦੇ ਪਲਾਸਟਿਕ ਦੇ ਸਟ੍ਰਾਅ 'ਤੇ ਲਾਗੂ ਹੁੰਦੀ ਹੈ। **ਸਾਰੇ ਭੋਜਨ ਪਦਾਰਥਾਂ ਦੇ ਵਿਕ੍ਰੇਤਾ, ਜਿਨ੍ਹਾਂ ਵਿੱਚ ਬੱਬਲ ਟੀ ਡ੍ਰਿੰਕ ਪਰੋਸਣ ਵਾਲੇ ਵਿਕ੍ਰੇਤਾ ਵੀ ਸ਼ਾਮਲ ਹਨ, ਨੂੰ ਹਾਲੇ ਵੀ ਬਾਕੀ ਸਾਰੇ ਪੀਣ ਵਾਲੀਆਂ ਪਦਾਰਥਾਂ (ਉਦਾਹਰਨ: ਸਮੂਦੀ, ਕੋਲਡ ਡ੍ਰਿੰਕ) ਲਈ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਦੀ ਲਾਜ਼ਮੀ ਪਾਲਣਾ ਕਰਨੀ ਚਾਹੀਦੀ ਹੈ।**
- ਬੱਬਲ ਟੀ ਸਟ੍ਰਾਅ ਲਈ ਛੋਟ ਲਈ ਵਾਸਤੇ ਅਰਜ਼ੀ ਦੇਣ ਵਾਲੇ ਭੋਜਨ ਵਿਕ੍ਰੇਤਾਵਾਂ ਨੂੰ ਹਾਲੇ ਵੀ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਰੱਖਣ ਅਤੇ ਬੇਨਤੀ ਕੀਤੇ ਜਾਣ 'ਤੇ ਗਾਹਕਾਂ ਨੂੰ ਦੇਣ ਦੀ ਲੋੜ ਹੁੰਦੀ ਹੈ (ਸੁਲੱਭਤਾ ਸੰਬੰਧੀ ਲੋੜ)।
- ਬੱਬਲ ਟੀ ਸਟ੍ਰਾਅ ਦੀ ਛੋਟ ਦਾ ਉਦੇਸ਼ ਬਾਜ਼ਾਰ ਨੂੰ ਅਜਿਹੇ ਵਿਕਲਪਕ ਬੱਬਲ ਚਾਹ ਸਟ੍ਰਾਅ ਪੇਸ਼ ਕਰਨ ਲਈ ਸਮਾਂ ਦੇਣਾ ਹੈ ਜੋ ਪਲਾਸਟਿਕ ਤੋਂ ਨਹੀਂ ਬਣੇ ਹੁੰਦੇ ਹਨ।

---

ਕੋਵਿਡ-19 ਦੇ ਦੌਰਾਨ, ਚੈਰੀਟੇਬਲ ਭੋਜਨ ਸੇਵਾਵਾਂ ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਦੀ ਵੰਡ ਕਰਨਾ ਜਾਰੀ ਰੱਖ ਸਕਦੀਆਂ ਹਨ, ਪਰ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿੰਨੀ ਜਲਦੀ ਸੰਭਵ ਹੋ ਸਕੇ ਉਪਨਿਯਮਾਂ ਦੀ ਪਾਲਣਾ ਕਰਨ ਵੱਲ ਕੰਮ ਕਰਨਾ ਸ਼ੁਰੂ ਕਰਨ।

**ਪੂਰਾ ਉਪਨਿਯਮ** vancouver.ca/reduce-single-use **'ਤੇ ਪੜ੍ਹੋ**

ਉਪਨਿਯਮ ਨੰਬਰ 12618 ਪਲਾਸਟਿਕ ਦੇ ਸਟ੍ਰਾਅ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਨ ਲਈ ਉਪਨਿਯਮ



# ਬਰਤਨਾਂ ਬਾਰੇ ਉਪਨਿਯਮ

22 ਅਪ੍ਰੈਲ 2020 ਤੋਂ ਲਾਗੂ

## ਤੁਹਾਨੂੰ ਕੀ ਜਾਨਣ ਦੀ ਲੋੜ ਹੈ

- ਇਹ ਇੱਕ ਉਪ-ਬੇਨਤੀ ਉਪਨਿਯਮ ਹੈ: ਸਿੰਗਲ-ਯੂਜ਼ ਬਰਤਨ ਸਿਰਫ ਗਾਹਕ ਦੀ ਬੇਨਤੀ 'ਤੇ ਮੁਹੱਈਆ ਕੀਤੇ ਜਾ ਸਕਦੇ ਹਨ।
- ਇਹ ਉਪਨਿਯਮ ਸਿੰਗਲ-ਯੂਜ਼ ਚਮਚ, ਚਾਕੂ, ਕਾਂਟੇ ਅਤੇ ਸਾਰੀਆਂ ਕਿਸਮਾਂ ਦੀਆਂ ਚੋਪਸਟਿੱਕਾਂ ਨੂੰ ਕਵਰ ਕਰਦਾ ਹੈ। ਹਿਲਾਉਣ ਵਾਲੀਆਂ ਸਟਿੱਕਾਂ ਸ਼ਾਮਲ ਨਹੀਂ ਹਨ।
- ਸਿਟੀ ਦੇ ਉਪਨਿਯਮ ਅਧੀਨ ਸਵੈ-ਸੇਵਾ ਸਟੇਸ਼ਨਾਂ ਨੂੰ ਆਗਿਆ ਹੈ। ਹਾਲਾਂਕਿ, ਮਹਾਂਮਾਰੀ ਦੇ ਦੌਰਾਨ ਸਿਹਤ ਅਧਿਕਾਰੀਆਂ ਦੁਆਰਾ ਪਾਬੰਦੀਆਂ ਹੋ ਸਕਦੀਆਂ ਹਨ।
- ਸਾਰੇ ਡਾਈਨ-ਇਨ, ਟੇਕ-ਆਉਟ, ਵਿਅਕਤੀਗਤ, ਆਨਲਾਈਨ ਅਤੇ ਟੈਲੀਫ਼ੋਨ ਆਰਡਰਾਂ ਲਈ, ਭੋਜਨ ਵਿਕ੍ਰੇਤਾ ਸਿਰਫ ਇਕ ਵਾਰ ਵਰਤੇ ਜਾਣ ਵਾਲੇ ਬਰਤਨ ਪ੍ਰਦਾਨ ਕਰ ਸਕਦੇ ਹਨ ਜੇਕਰ:
    - ਭੋਜਨ ਵਿਕ੍ਰੇਤਾ ਕਿਸੇ ਗਾਹਕ ਨੂੰ ਪੁੱਛਦਾ ਹੈ ਕਿ ਕੀ ਉਹਨਾਂ ਨੂੰ ਸਿੰਗਲ-ਯੂਜ਼ ਬਰਤਨ ਚਾਹੀਦਾ ਹੈ, ਅਤੇ ਗਾਹਕ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹਨਾਂ ਨੂੰ ਚਾਹੀਦਾ ਹੈ, ਜਾਂ
    - ਕੋਈ ਗਾਹਕ ਸਿੰਗਲ-ਯੂਜ਼ ਬਰਤਨਾਂ ਲਈ ਬੇਨਤੀ ਕਰਦਾ ਹੈ, ਜਾਂ
    - ਕੋਈ ਗਾਹਕ ਕਿਸੇ ਸਵੈ-ਸੇਵਾ ਸਟੇਸ਼ਨ ਤੋਂ ਆਪਣੇ ਆਪ ਨੂੰ ਸਿੰਗਲ-ਯੂਜ਼ ਬਰਤਨ ਲੈਂਦਾ ਹੈ।
- ਭੋਜਨ ਵਿਕ੍ਰੇਤਾ ਆਪਣੇ-ਆਪ ਹੀ ਆਰਡਰਾਂ ਵਿੱਚ ਸਿੰਗਲ-ਯੂਜ਼ ਬਰਤਨਾਂ ਨੂੰ ਸ਼ਾਮਲ ਨਹੀਂ ਕਰ ਸਕਦੇ ਹਨ ਅਤੇ ਉਹਨਾਂ ਨੂੰ ਸਿੰਗਲ-ਯੂਜ਼ ਬਰਤਨਾਂ ਨਾਲ ਟੇਬਲ ਸੈਟ ਨਹੀਂ ਕਰਨਾ ਚਾਹੀਦਾ।

ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਸਿਹਤ ਅਤੇ ਸੁਰੱਖਿਆ ਦੀਆਂ ਤਾਜ਼ਾ ਸੇਧਾਂ ਲਈ ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (BC Centre for Disease Control) ਦੀ ਨਿਯਮਿਤ ਤੌਰ 'ਤੇ ਜਾਂਚ ਕਰਦੇ ਰਹਿਣਾ ਚਾਹੀਦਾ ਹੈ। **bccdc.ca** 'ਤੇ ਜਾਓ ਅਤੇ "food businesses" ਖੋਜੋ।

## *ਕੀ ਤੁਹਾਨੂੰ ਪਤਾ ਸੀ?*

- ਵੈਨਕੂਵਰ ਦੇ 84% ਲੋਕ ਸਹਿਮਤ ਹਨ ਕਿ ਜਲਦੀ ਨਾਲ ਖਾਣਾ ਪਰੋਸਣ ਵਾਲੇ ਰੈਸਟੋਰੈਂਟਾਂ ਜਾਂ ਕੈਫੇਆਂ ਨੂੰ ਖਾਣ ਲਈ ਮੁੜ-ਵਰਤੋਂ ਯੋਗ ਭਾਂਡੇ ਮੁਹੱਈਆ ਕਰਵਾਉਣੇ ਚਾਹੀਦੇ ਹਨ।
- ਵੈਨਕੂਵਰ ਦੇ 71% ਲੋਕਾਂ ਦਾ ਮੰਨਣਾ ਹੈ ਕਿ ਜੇ ਖਰੀਦਦਾਰੀ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੁੱਛਿਆ ਜਾਵੇ ਕਿ ਕੀ ਉਹਨਾਂ ਨੂੰ ਸਿੰਗ-ਯੂਜ਼ ਆਈਟਮਾਂ ਚਾਹੀਦੀਆਂ ਹਨ ਤਾਂ ਉਹ ਉਹਨਾਂ ਨੂੰ ਵਰਤਣ ਦੀ ਸੰਖਿਆ ਨੂੰ ਘਟਾਉਣਗੇ।
- ਸਾਲ 2018 ਵਿੱਚ, ਵੈਨਕੂਵਰ ਵਿੱਚ ਲਗਭਗ 103 ਮਿਲੀਅਨ ਸਿੰਗਲ-ਯੂਜ਼ ਬਰਤਨ ਕੂੜੇ ਵਿੱਚ ਸੁੱਟੇ ਗਏ ਸਨ — ਉਹਨਾਂ ਬਰਤਨਾਂ ਤੋਂ ਇਲਾਵਾ ਜਿਨ੍ਹਾਂ ਨੂੰ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤਾ ਜਾਂਦਾ ਹੈ। ਉਹਨਾਂ ਵਿੱਚੋਂ ਦੋ ਤਿਹਾਈ ਸਿੰਗ-ਯੂਜ਼ ਚੋਪਸਟਿਕਾਂ ਅਤੇ ਲੱਕੜ ਦੇ ਬਰਤਨ ਸਨ।

## ਤੁਹਾਡੀ ਵਾਰੀ: ਉਪਨਿਯਮ ਦੀ ਪਾਲਣਾ ਕਰੋ

- ☐ **ਆਪਣੇ ਸਾਫਟਵੇਅਰ ਨੂੰ ਅੱਪਡੇਟ ਕਰੋ**: ਆਪਣੇ ਆਨਲਾਈਨ, ਮੋਬਾਈਲ ਅਤੇ ਟੈਲੀਫ਼ੋਨ ਆਰਡਰਿੰਗ ਸਿਸਟਮਾਂ ਨੂੰ ਅੱਪਡੇਟ ਕਰਕੇ ਇਹ ਪੱਕਾ ਕਰੋ ਕਿ ਸਿੰਗਲ-ਯੂਜ਼ ਬਰਤਨ ਆਪਣੇ ਆਪ ਮੁਹੱਈਆ ਨਹੀਂ ਕਰਵਾਏ ਜਾਂਦੇ ਹਨ ਅਤੇ ਗਾਹਕ ਉਹਨਾਂ ਬਰਤਨਾਂ ਲਈ ਬੇਨਤੀ ਕਰ ਸਕਦੇ ਹਨ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਹੈ।
- ☐ **ਆਪਣੀ ਜਗ੍ਹਾ ਅਤੇ ਸਿਸਟਮਾਂ ਨੂੰ ਵਿਵਸਥਿਤ ਕਰੋ**: ਸਿੰਗਲ-ਯੂਜ਼ ਬਰਤਨਾਂ ਦੇ ਨਾਲ ਟੇਬਲ ਸੈਟ ਨਾ ਕਰੋ (ਇਸਦਾ ਮਤਲਬ ਹੈ ਟੋਕਰੀਆਂ ਵਿੱਚ ਜਾਂ ਵਿਅਕਤੀਗਤ ਸਥਾਨ ਦੀਆਂ ਸਹੂਲਤਾਂ ਵਿੱਚ ਕੋਈ ਸਿੰਗਲ-ਯੂਜ਼ ਬਰਤਨ ਨਹੀਂ)।
- ☐ **ਆਪਣੇ ਸਟਾਫ਼ ਨੂੰ ਸਿਖਲਾਈ ਦਿਓ**: ਯਕੀਨੀ ਬਣਾਓ ਕਿ ਤੁਹਾਡੇ ਸਟਾਫ਼ ਨੂੰ ਪਤਾ ਹੈ ਕਿ ਡਾਈਨ-ਇਨ ਗਾਹਕਾਂ ਨੂੰ ਪਰੋਸਦੇ ਸਮੇਂ ਅਤੇ ਟੇਕ-ਆਉਟ ਤਿਆਰ ਕਰਦੇ ਸਮੇਂ, ਦੋਵਾਂ ਮੌਕਿਆਂ 'ਤੇ, ਸਿੰਗਲ-ਯੂਜ਼ ਬਰਤਨ ਸਿਰਫ ਮੰਗੇ ਜਾਣ 'ਤੇ ਹੀ ਜਾਂ ਸਵੈ-ਸੇਵਾ ਵਾਲੇ ਸਟੇਸ਼ਨਾਂ 'ਤੇ ਮੁਹੱਈਆ ਕਰਵਾਏ ਜਾ ਸਕਦੇ ਹਨ।
- ☐ **ਉਹਨਾਂ ਪਲਾਸਟਿਕ ਦੇ ਬਰਤਨਾਂ ਤੋਂ ਬਚੋ** ਜੋ ਜੈਵਿਕ ਬਾਲਣ ਉਤਪਾਦਾਂ ਤੋਂ, ਅਤੇ ਅਜਿਹੇ ਪਲਾਸਟਿਕ ਤੋਂ ਬਣਾਏ ਗਏ ਹਨ ਜਿਸ ਨੂੰ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ ਜਾਂ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣਾਏ ਗਏ ਵਜੋਂ ਲੇਬਲ ਜਾਂ ਵਰਣਿਤ ਕੀਤਾ ਗਿਆ ਹੈ। ਇਹ ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਜਾਂ ਰੀਸਾਈਕਲ ਬੀਸੀ ਦੇ ਰਿਹਾਇਸ਼ੀ ਰੀਸਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤੇ ਜਾਂਦੇ ਹਨ। ਇਹ ਸਮੱਗਰੀਆਂ ਮੌਜੂਦਾ ਰੀਸਾਈਕਲਿੰਗ ਅਤੇ ਕੰਪੋਸਟਿੰਗ ਸਟ੍ਰੀਮਾਂ ਨੂੰ ਦੂਸ਼ਿਤ ਕਰਦੀਆਂ ਹਨ ਅਤੇ ਪ੍ਰੋਵਿੰਸ਼ੀਅਲ ਰੈਗੂਲੇਸ਼ਨਾਂ ਤਹਿਤ ਖਾਦ ਬਣਾਉਣ ਲਈ ਪ੍ਰਵਾਨਿਤ ਨਹੀਂ ਹਨ।
- ☐ **ਚੁਣੋ**: ਜਦੋਂ ਸਿੰਗਲ-ਯੂਜ਼ ਬਰਤਨਾਂ ਦੀ ਲੋੜ ਹੋਵੇ, ਤਾਂ ਅਜਿਹੇ ਵਿਕਲਪਾਂ ਦੀ ਭਾਲ ਕਰੋ ਜਿਨ੍ਹਾਂ ਨੂੰ ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਸਵੀਕਾਰ ਕੀਤਾ ਜਾ ਸਕਦਾ ਹੈ, ਜਿਵੇਂ ਕਿ ਲੱਕੜ ਜਾਂ ਬਾਂਸ। ਸੁਝਾਏ ਗਏ ਵਿਕਲਪ ਪੰਨਾ 23-25 'ਤੇ ਹਨ।
- ☐ **ਮੁੜ-ਵਰਤੋਂ ਯੋਗ ਬਰਤਨਾਂ 'ਤੇ ਬਦਲੀ ਕਰੋ**: ਡਾਈਨ-ਇਨ ਕਰਨ ਵਾਲੇ ਸਰਪ੍ਰਸਤਾਂ ਲਈ ਚੋਪਸਟਿੱਕਾਂ ਸਮੇਤ, ਆਪਣੇ ਸਪਲਾਇਰਾਂ ਦੇ ਨਾਲ ਮੁੜ-ਵਰਤੋਂ ਯੋਗ ਬਰਤਨਾਂ 'ਤੇ ਬਦਲੀ ਕਰਨ ਬਾਰੇ ਗੱਲ ਕਰੋ। ਹੰਢਣਸਾਰ, ਧੋਣ ਯੋਗ ਅਤੇ ਰੀਸਾਈਕਲ ਕਰਨ ਯੋਗ ਸਮੱਗਰੀਆਂ ਜਿਵੇਂ ਕਿ ਧਾਤ, ਸੇਰਾਮਿਕ ਜਾਂ ਸਖ਼ਤ ਪਲਾਸਟਿਕ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।
- ☐ **ਮੁੜ-ਵਰਤੋਂ ਯੋਗ ਬਰਤਨਾਂ ਨੂੰ ਸੈਨੀਟਾਈਜ਼ ਕਰੋ**: ਆਪਣੇ ਮੁੜ-ਵਰਤੋਂ ਯੋਗ ਬਰਤਨਾਂ ਨੂੰ ਸਾਫ਼ ਅਤੇ ਸੈਨੀਟਾਈਜ਼ ਕਰਨ ਲਈ ਵੈਨਕੂਵਰ ਕੋਸਟਲ ਹੈਲਥ ਦੁਆਰਾ ਮਨਜ਼ੂਰ ਕੀਤੀ ਆਪਣੀ ਭੋਜਨ ਸੁਰੱਖਿਆ ਅਤੇ ਸੈਨੀਟੇਸ਼ਨ ਯੋਜਨਾ ਦੀ ਪਾਲਣਾ ਕਰੋ।

## *ਛੋਟਾਂ*

### 1. ਹਸਪਤਾਲ ਅਤੇ ਕਮਿਊਨਿਟੀ ਕੇਅਰ ਸਹੂਲਤਾਂ

ਹਸਪਤਾਲਾਂ ਵਿੱਚ ਮਰੀਜ਼ਾਂ ਲਈ ਭੋਜਨ ਸੇਵਾ ਜਾਂ ਕਮਿਊਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ 'ਤੇ ਬਰਤਨਾਂ ਬਾਰੇ ਉਪਨਿਯਮ ਲਾਗੂ ਨਹੀਂ ਹੁੰਦੇ ਹਨ।

***ਮਹੱਤਵਪੂਰਨ:*** ਬਰਤਨਾਂ ਬਾਰੇ ਉਪਨਿਯਮ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ 'ਤੇ ਲਾਗੂ ***ਹੁੰਦਾ*** ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਊਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਨ ਲਈ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

### 2. ਸਟੋਰਾਂ ਵਿੱਚ ਪੈਕ ਕੀਤੇ ਬਰਤਨ ਵੇਚਣੇ

ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਘੱਟੋ-ਘੱਟ 20 ਸਿੰਗਲ-ਯੂਜ਼ ਬਰਤਨਾਂ ਦੇ ਪੈਕੇਜ ਵੇਚਣ ਦੀ ਇਜਾਜ਼ਤ ਹੈ।

---

ਕੋਵਿਡ-19 ਦੇ ਦੌਰਾਨ, ਚੈਰੀਟੇਬਲ ਭੋਜਨ ਸੇਵਾਵਾਂ ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਦੀ ਵੰਡ ਕਰਨਾ ਜਾਰੀ ਰੱਖ ਸਕਦੀਆਂ ਹਨ, ਪਰ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿੰਨੀ ਜਲਦੀ ਸੰਭਵ ਹੋ ਸਕੇ ਉਪਨਿਯਮਾਂ ਦੀ ਪਾਲਣਾ ਕਰਨ ਵੱਲ ਕੰਮ ਕਰਨਾ ਸ਼ੁਰੂ ਕਰਨ।

**ਪੂਰਾ ਉਪਨਿਯਮ vancouver.ca/reduce-single-use 'ਤੇ ਪੜ੍ਹੋ**

ਉਪਨਿਯਮ ਨੰਬਰ 12620 ਸਿੰਗਲ-ਯੂਜ਼ ਬਰਤਨਾਂ ਦੀ ਵਰਤੋਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਨ ਲਈ ਉਪਨਿਯਮ



# ਕੱਪਾਂ ਬਾਰੇ ਉਪਨਿਯਮ

1 ਜਨਵਰੀ 2022 ਤੋਂ ਲਾਗੂ

## ਤੁਹਾਨੂੰ ਕੀ ਜਾਣਣ ਦੀ ਲੋੜ ਹੈ

- ਉਪਨਿਯਮ ਦੇ ਅਧੀਨ, ਵੰਡੇ ਜਾਣ ਵਾਲੇ ਹਰੇਕ ਸਿੰਗਲ-ਯੂਜ਼ ਪੀਣ ਵਾਲੇ ਕੱਪ ਲਈ ਘੱਟੋ-ਘੱਟ $0.25 ਦੀ ਫ਼ੀਸ ਲਾਜ਼ਮੀ ਲਈ ਜਾਣੀ ਚਾਹੀਦੀ ਹੈ।
- ਕੱਪ ਫ਼ੀਸ ਨੂੰ ਮੀਨੂ ਬੋਰਡਾਂ, ਮੀਨੂ ਅਤੇ ਇੰਟਰਨੈੱਟ ਅਧਾਰਤ ਆਰਡਰਿੰਗ ਪਲੇਟਫਾਰਮਾਂ 'ਤੇ ਪ੍ਰਦਰਸ਼ਿਤ ਕਰਨਾ ਲਾਜ਼ਮੀ ਹੈ।
- ਗਾਹਕਾਂ ਨੂੰ ਦਿੱਤੀਆਂ ਜਾਂਦੀਆਂ ਕਿਸੇ ਵੀ ਰਸੀਦਾਂ 'ਤੇ ਕੱਪ ਫ਼ੀਸਾਂ ਨੂੰ “CUP FEE” ਵਰਗੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਦਿਖਾਇਆ ਜਾਣਾ ਚਾਹੀਦਾ ਹੈ।
- ਭੋਜਨ ਵਿਕ੍ਰੇਤਾਵਾਂ ਨੂੰ ਫੋਨ 'ਤੇ ਦਿੱਤੇ ਗਏ ਕਿਸੇ ਵੀ ਆਰਡਰ ਲਈ ਕੱਪ ਫ਼ੀਸ ਦੀ ਰਕਮ ਬਾਰੇ ਲਾਜ਼ਮੀ ਦੱਸਣਾ ਚਾਹੀਦਾ ਹੈ।
- 2023 ਲਾਇਸੈਂਸ ਦੇ ਨਵੀਨੀਕਰਣਾਂ ਤੋਂ ਸ਼ੁਰੂ ਕਰਦਿਆਂ, ਜਦੋਂ ਉਹ ਹਰ ਸਾਲ ਆਪਣੇ ਕਾਰੋਬਾਰ ਦੇ ਲਾਇਸੈਂਸ ਨੂੰ ਰੀਨਿਊ ਕਰਦੇ ਹਨ, ਭੋਜਨ ਵਿਕ੍ਰੇਤਾਵਾਂ ਨੂੰ ਲਾਜ਼ਮੀ ਤੌਰ 'ਤੇ ਪਿਛਲੇ 12 ਮਹੀਨਿਆਂ ਵਿੱਚ ਹਰੇਕ ਲਾਇਸੰਸਸ਼ੁਦਾ ਸਥਾਨ 'ਤੇ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਸੰਖਿਆ ਦੀ ਰਿਪੋਰਟ ਕਰਨੀ ਹੋਵੇਗੀ।
- ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਹਰੇਕ ਕਾਰੋਬਾਰੀ ਸਥਾਨ ਲਈ ਕੱਪਾਂ ਦੀ ਰਿਪੋਰਟ ਕਰਨ ਦੀ ਲੋੜ ਤੋਂ ਛੋਟ ਦਿੱਤੀ ਜਾਂਦੀ ਹੈ।

ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਸਿਹਤ ਅਤੇ ਸੁਰੱਖਿਆ ਦੀਆਂ ਤਾਜ਼ਾ ਸੇਧਾਂ ਲਈ ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (BC Centre for Disease Control) ਦੀ ਨਿਯਮਿਤ ਤੌਰ 'ਤੇ ਜਾਂਚ ਕਰਦੇ ਰਹਿਣਾ ਚਾਹੀਦਾ ਹੈ।

**bccdc.ca** 'ਤੇ ਜਾਓ ਅਤੇ “food businesses” ਖੋਜੋ।

## *ਕੀ ਤੁਹਾਨੂੰ ਪਤਾ ਸੀ?*

- 2018 ਵਿੱਚ, ਵੈਨਕੂਵਰ ਵਿੱਚ ਲਗਭਗ 82 ਮਿਲੀਅਨ ਸਿੰਗਲ-ਯੂਜ਼ ਕੱਪ ਕੂੜੇਦਾਨ ਵਿੱਚ ਸੁੱਟੇ ਗਏ ਸਨ।
- ਵੈਨਕੂਵਰ ਦੀਆਂ ਸੜਕਾਂ 'ਤੇ ਲਗਭਗ 15% ਵੱਡਾ ਕੂੜਾ ਸਿੰਗ-ਯੂਜ਼ ਕੱਪ ਹੁੰਦੇ ਹਨ।

## ਤੁਹਾਡੀ ਵਾਰੀ: ਉਪਨਿਯਮ ਦੀ ਪਾਲਣਾ ਕਰੋ

- ☐ **ਜਿੱਥੇ ਵੀ ਸੰਭਵ ਹੋਵੇ, ਮੁੜ-ਵਰਤੋਂ ਯੋਗ ਨੂੰ ਨਵਾਂ ਸਿਧਾਂਤ ਬਣਾਓ:** ਬਿਹਤਰੀਨ ਅਭਿਆਸ ਦੇ ਤੌਰ ਤੇ, ਸਟਾਫ਼ ਨੂੰ ਉਸੇ ਸਥਾਨ 'ਤੇ ਬੈਠ ਕੇ ਪੀਤੀ ਜਾਣ ਵਾਲੀ ਡ੍ਰਿੰਕ ਲਈ ਹਮੇਸ਼ਾ ਮੁੜ-ਵਰਤੋਂ ਯੋਗ ਕੱਪ ਦੀ ਪੇਸ਼ਕਸ਼ ਕਰਨ ਲਈ ਸਿਖਲਾਈ ਦਿਓ, ਅਤੇ ਗਾਹਕਾਂ ਨੂੰ ਸਿੰਗਲ-ਯੂਜ਼ ਕੱਪ ਦੇਣ ਤੋਂ ਪਹਿਲਾਂ ਹਮੇਸ਼ਾ ਪੁੱਛੋ ਕਿ ਕੀ ਉਹਨਾਂ ਨੂੰ ਇਹ ਚਾਹੀਦਾ ਹੈ। ਆਪਣੇ ਗਾਹਕਾਂ ਨੂੰ ਪੁੱਛਣ ਲਈ ਵੈਨਕੂਵਰ ਸਿਟੀ ਦੀ ਟਿੱਲ ਦੇ ਉੱਪਰ ਲਗਾਉਣ ਲਈ ਸਮੱਗਰੀ ਜਾਂ ਡਿਜੀਟਲ ਗ੍ਰਾਫਿਕਸ ਦੀ ਵਰਤੋਂ ਕਰੋ।
- ☐ **ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ:** ਆਪਣੇ ਗਾਹਕਾਂ ਨੂੰ ਤੁਰਦੇ-ਫਿਰਦੇ ਪੀਣ ਲਈ ਇੱਕ ਕੱਪ-ਸ਼ੇਅਰ ਪ੍ਰੋਗਰਾਮ ਪੇਸ਼ ਕਰਨ 'ਤੇ ਵਿਚਾਰ ਕਰੋ। ਜੋ ਸਥਾਨ ਕਿਸੇ ਕੱਪ-ਸ਼ੇਅਰ ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹਨ ਉਹਨਾਂ ਨੂੰ ਪ੍ਰਤੀ ਸਾਲ ਵੰਡੇ ਗਏ ਡਿਸਪੋਜ਼ੇਬਲ ਕੱਪਾਂ ਦੀ ਗਿਣਤੀ ਬਾਰੇ ਸਿਟੀ ਨੂੰ ਰਿਪੋਰਟ ਕਰਨ ਦੀ ਲੋੜ ਨਹੀਂ ਹੁੰਦੀ। ਹੋਰ ਜਾਣਨ ਲਈ, ਹੇਠਾਂ ਦਿੱਤਾ ਖ਼ਾਨਾ ਦੇਖੋ।
- ☐ **ਮੁੜ-ਵਰਤੋਂ ਯੋਗ ਕੱਪਾਂ ਨੂੰ ਸੈਨੀਟਾਈਜ਼ ਕਰੋ:** ਆਪਣੇ ਮੁੜ-ਵਰਤੋਂ ਯੋਗ ਕੱਪਾਂ ਨੂੰ ਸਾਫ਼ ਅਤੇ ਸੈਨੀਟਾਈਜ਼ ਕਰਨ ਲਈ ਵੈਨਕੂਵਰ ਕੋਸਟਲ ਹੈਲਥ ਦੁਆਰਾ ਮਨਜ਼ੂਰ ਕੀਤੀ ਆਪਣੀ ਭੋਜਨ ਸੁਰੱਖਿਆ ਅਤੇ ਸੈਨੀਟੇਸ਼ਨ ਯੋਜਨਾ ਦੀ ਪਾਲਣਾ ਕਰੋ।
- ☐ **"ਸੰਪਰਕ ਰਹਿਤ ਕੱਪ" ਪੇਸ਼ ਕਰੋ:** ਯਾਤਰਾ ਮੱਗਾਂ ਲਈ ਸੁਰੱਖਿਅਤ-ਸੰਭਾਲ ਪ੍ਰਕਿਰਿਆ ਵਿਕਸਤ ਕਰਨ ਲਈ ਆਪਣੇ ਵੈਨਕੂਵਰ ਕੋਸਟਲ ਹੈਲਥ ਵਾਤਾਵਰਣ ਸਿਹਤ ਅਧਿਕਾਰੀ ਦੇ ਨਾਲ ਮਿਲ ਕੇ ਕੰਮ ਕਰੋ। ਪੰਨਾ 16 'ਤੇ ਸੰਪਰਕ-ਰਹਿਤ ਕੱਪ ਤਰੀਕੇ ਵੈਨਕੂਵਰ ਕੋਸਟਲ ਹੈਲਥ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ।
- ☐ **ਪੁਆਇੰਟ ਆਫ ਸੇਲ (POS) ਸਿਸਟਮ ਨੂੰ ਅੱਪਡੇਟ ਕਰੋ:** ਸਿੰਗਲ-ਯੂਜ਼ ਕੱਪਾਂ 'ਤੇ ਫ਼ੀਸਾਂ ਵਸੂਲਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਇਸ ਫ਼ੀਸ ਨੂੰ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਜਾਵੇ, ਆਪਣੇ ਸਟੋਰ-ਅੰਦਰਲੇ, ਆਨਲਾਈਨ, ਮੋਬਾਈਲ ਅਤੇ ਟੈਲੀਫ਼ੋਨ POS ਨੂੰ ਅੱਪਡੇਟ ਕਰੋ। ਫ਼ੀਸਾਂ GST ਅਤੇ PST ਦੇ ਅਧੀਨ ਹੁੰਦੀਆਂ ਹਨ।
- ☐ **ਗਾਹਕਾਂ ਨੂੰ ਕੱਪ ਫ਼ੀਸ ਦੱਸਣ ਲਈ ਮੀਨੂ ਅਤੇ ਮੀਨੂ ਬੋਰਡ ਅੱਪਡੇਟ ਕਰੋ:** ਇਹ ਨਮੂਨਾ ਸ਼ਬਦ ਹਨ ਜੋ ਤੁਸੀਂ ਆਪਣੇ ਮੀਨੂ ਬੋਰਡ 'ਤੇ ਵਰਤ ਸਕਦੇ ਹੋ: *ਕੱਪ ਫ਼ੀਸਾਂ: ਵੈਨਕੂਵਰ ਸਿਟੀ ਦੀਆਂ ਉਪਨਿਯਮਾਂ ਸੰਬੰਧੀ ਲੋੜਾਂ ਦੀ ਪਾਲਣਾ ਕਰਨ ਲਈ, ਅਸੀਂ ਸਿੰਗਲ-ਯੂਜ਼ ਕੱਪਾਂ ਲਈ ਘੱਟੋ-ਘੱਟ $0.25 ਫ਼ੀਸ ਲੈਂਦੇ ਹਾਂ। ਕੱਪਾਂ ਤੋਂ ਮਿਲਣ ਵਾਲੀਆਂ ਫ਼ੀਸਾਂ ਨੂੰ ______________ ਲਈ ਵਰਤਿਆ ਜਾਵੇਗਾ।*
- ☐ **ਆਪਣੇ ਸਟਾਫ਼ ਨੂੰ ਫੋਨ 'ਤੇ ਆਰਡਰ ਲੈਂਦੇ ਹੋਏ ਗਾਹਕਾਂ ਨੂੰ ਕੱਪ ਫ਼ੀਸ ਬਾਰੇ ਦੱਸਣ ਲਈ ਸਿਖਲਾਈ ਦਿਓ।**
- ☐ **ਕੱਪ ਫ਼ੀਸਾਂ ਤੋਂ ਮਿਲਣ ਵਾਲੀ ਆਮਦਨੀ ਬਾਰੇ ਪਾਰਦਰਸ਼ੀ ਬਣੋ:** ਆਪਣੇ ਗਾਹਕਾਂ ਨੂੰ ਦੱਸੋ ਕਿ ਤੁਸੀਂ ਕੱਪ ਫ਼ੀਸਾਂ ਤੋਂ ਹੋਣ ਵਾਲੀ ਆਮਦਨੀ ਨੂੰ ਕਿਵੇਂ ਵਰਤ ਰਹੇ ਹੋ। ਇਸ ਜਾਣਕਾਰੀ ਨੂੰ ਸਾਂਝਾ ਕਰਨ ਲਈ ਪੋਸਟਰ ਸਾਡੀ ਕਾਰੋਬਾਰੀ ਟੂਲਕਿੱਟ ਦੇ ਹਿੱਸੇ ਵਜੋਂ **vancouver.ca/cups** 'ਤੇ ਉਪਲਬਧ ਹਨ।
- ☐ **ਤੁਹਾਡੇ ਦੁਆਰਾ ਹਰ ਸਾਲ ਵੰਡੇ ਜਾਣ ਵਾਲੇ ਸਿੰਗਲ-ਯੂਜ਼ ਕੱਪਾਂ ਦੀ ਗਿਣਤੀ ਦਾ ਪਤਾ ਲਗਾਉਣ ਲਈ ਇੱਕ ਸਿਸਟਮ ਸਥਾਪਿਤ ਕਰੋ:** ਤੁਸੀਂ ਆਪਣੇ ਇਲੈਕਟ੍ਰੋਨਿਕ POS ਸਿਸਟਮ ਦੀ ਵਰਤੋਂ ਕਰਦੇ ਹੋਏ, ਜਾਂ ਹੋਰ ਤਰੀਕਿਆਂ ਨਾਲ ਇਸ ਨੂੰ ਟ੍ਰੈਕ ਕਰ ਸਕਦੇ ਹੋ ਜਿਵੇਂ ਕਿ ਸਾਲ ਦੀ ਸ਼ੁਰੂਆਤ 'ਤੇ ਅਤੇ ਅੰਤ ਵਿੱਚ ਤੁਹਾਡੀ ਇਨਵੈਂਟਰੀ ਵਿੱਚ ਕਿੰਨੇ ਕੱਪ ਹਨ।
- ☐ **ਉਹਨਾਂ ਸਥਾਨਾਂ 'ਤੇ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਰਿਪੋਰਟ ਕਰੋ ਜੋ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਦੀ ਪੇਸ਼ਕਸ਼ ਨਹੀਂ ਕਰਦੇ ਹਨ:** 2023 ਲਈ ਕਾਰੋਬਾਰੀ ਲਾਇਸੈਂਸ ਦੇ ਨਵੀਨੀਕਰਣ ਦੇ ਨਾਲ, ਪਿਛਲੇ 12 ਮਹੀਨਿਆਂ ਵਿੱਚ ਹਰੇਕ ਲਾਇਸੰਸਸ਼ੁਦਾ ਸਥਾਨ 'ਤੇ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਗਿਣਤੀ ਦੀ ਸਿਟੀ ਨੂੰ ਰਿਪੋਰਟ ਦੇਣੀ ਲਾਜ਼ਮੀ ਹੈ, ਬਸ਼ਰਤੇ ਕਿ ਇਹ ਸਥਾਨ ਕਿਸੇ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਵਿੱਚ ਹਿੱਸਾ ਨਾ ਲੈ ਰਿਹਾ ਹੋਵੇ ਜੋ ਪਿਛਲੇ ਸਾਲ ਕਿਸੇ ਵੀ ਸਮੇਂ ਸ਼ੁਰੂ ਹੋਇਆ ਸੀ ਅਤੇ ਵਿਕਰੀ ਦੇ ਸਥਾਨ 'ਤੇ ਗਾਹਕਾਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੋਵੇ।

## *ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਕੀ ਹੈ?*

- ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਨਾਲ ਗਾਹਕ ਆਪਣੇ ਡ੍ਰਿੰਕ ਇੱਕ ਮੁੜ-ਵਰਤੋਂ ਯੋਗ ਕੱਪ ਵਿੱਚ ਪ੍ਰਾਪਤ ਕਰ ਸਕਦੇ ਹਨ, ਜਿਸਨੂੰ ਉਹ ਨਾਲ ਲਿਜਾ ਸਕਦੇ ਹਨ, ਅਤੇ ਬਾਅਦ ਵਿੱਚ ਕਾਰੋਬਾਰ ਜਾਂ ਕਿਸੇ ਹੋਰ ਡਰਾਪ-ਆਫ ਸਥਾਨ 'ਤੇ ਵਾਪਸ ਕਰ ਸਕਦੇ ਹਨ।
- ਇਹ ਕਾਰ-ਸ਼ੇਅਰ ਜਾਂ ਬਾਈਕ-ਸ਼ੇਅਰ ਵਰਗਾ ਹੈ, ਪਰ ਕੱਪ ਲਈ ਹੈ।

## ਕੱਪ ਫ਼ੀਸਾਂ

ਭੋਜਨ ਵਿਕ੍ਰੇਤਾ ਕੱਪਾਂ 'ਤੇ ਲਾਈ ਫ਼ੀਸ ਆਪਣੇ ਕੋਲ ਰੱਖਦੇ ਹਨ। ਕੱਪ ਫ਼ੀਸਾਂ ਤੋਂ ਹੋਣ ਵਾਲੀ ਆਮਦਨੀ ਸਿਟੀ ਨੂੰ ਨਹੀਂ ਦਿੱਤੀ ਜਾਂਦੀ ਹੈ।

ਭੋਜਨ ਵਿਕ੍ਰੇਤਾਵਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਫ਼ੀਸਾਂ ਦੀ ਵਰਤੋਂ ਇਸਦੇ ਲਈ ਕਰਨ:

- ਸਿੰਗਲ-ਯੂਜ਼ ਚੀਜ਼ਾਂ ਦੇ ਬਦਲਾਅ ਲਈ ਮੁੜ-ਵਰਤੋਂ ਯੋਗ ਵਿਕਲਪਾਂ ਵਿੱਚ ਨਿਵੇਸ਼ ਕਰੋ, ਜਿਵੇਂ ਕਿ ਸਥਾਨ 'ਤੇ ਬੈਠ ਕੇ ਪੀਣ ਵਾਲੀਆਂ ਡ੍ਰਿੰਕਸ ਲਈ ਮੁੜ-ਵਰਤੋਂ ਯੋਗ ਕੱਪ, ਵਪਾਰਕ ਡਿਸ਼ਵਾਸ਼ਰ, ਅਤੇ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ।
    - ਉਪਨਿਯਮ ਦੀ ਪਾਲਣਾ ਕਰਨ 'ਤੇ ਆਈ ਲਾਗਤ ਨੂੰ ਕਵਰ ਕਰੋ, ਜਿਵੇਂ ਕਿ ਸਾਫ਼ਟਵੇਅਰ ਅੱਪਡੇਟ, ਸਟਾਫ਼ ਦੀ ਸਿਖਲਾਈ, ਆਦਿ।

ਸਥਾਨ 'ਤੇ ਬੈਠ ਕੇ ਪੀਤੀਆਂ ਜਾਂਦੀਆਂ ਡ੍ਰਿੰਕਸ ਲਈ ਮੁੜ-ਵਰਤੋਂ ਯੋਗ ਕੱਪ ਮੁਹੱਈਆ ਕਰਵਾ ਕੇ, ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਅਤੇ ਗਾਹਕਾਂ ਨੂੰ ਆਪਣੇ ਕੱਪ ਨਾਲ ਲਿਆਉਣ ਲਈ ਉਤਸ਼ਾਹਿਤ ਕਰ ਕੇ ਫ਼ੀਸਾਂ ਤੋਂ ਬਚਣ ਅਤੇ ਕੂੜੇ-ਕਰਕਟ ਨੂੰ ਘਟਾਉਣ ਵਿੱਚ ਆਪਣੇ ਗਾਹਕਾਂ ਦੀ ਮਦਦ ਕਰੋ।

ਮੁੜ-ਵਰਤੋਂ ਯੋਗ ਕੱਪਾਂ ਦੀ ਚੋਣ ਕਰਨ ਲਈ ਗਾਹਕਾਂ ਨੂੰ ਇਨਾਮ ਦੇ ਤੌਰ ਤੇ ਹਾਲੇ ਵੀ ਛੋਟ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

## ਸੰਪਰਕ-ਰਹਿਤ ਕੱਪ ਦੇ ਤਰੀਕੇ

ਦੁਨੀਆ ਭਰ ਦੇ ਕੈਫੇ ਅਤੇ ਰੈਸਟੋਰੈਂਟਾਂ ਦੁਆਰਾ ਵਰਤੇ ਜਾਂਦੇ, ਇਹ ਤਰੀਕੇ ਕੋਵਿਡ-19 ਮਹਾਂਮਾਰੀ ਦੇ ਦੌਰਾਨ ਮੁੜ-ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਲਈ ਸੁਰੱਖਿਅਤ ਪ੍ਰਕਿਰਿਆਵਾਂ ਦੀ ਰੂਪ ਰੇਖਾ ਦਿੰਦੇ ਹਨ ਅਤੇ ਵੈਨਕੂਵਰ ਕੋਸਟਲ ਹੈਲਥ ਦੁਆਰਾ ਪ੍ਰਵਾਨਿਤ ਹਨ।

### *ਸੰਪਰਕ-ਰਹਿਤ ਕੱਪ ਤਰੀਕਾ 1*

**ਕਦਮ 1.** ਗਾਹਕ ਢੱਕਣ ਨੂੰ ਉਤਾਰਦਾ ਹੈ ਅਤੇ ਆਪਣਾ ਸਾਫ਼ ਮੁੜ-ਵਰਤੋਂ ਯੋਗ ਕੱਪ ਇੱਕ ਨਿਯਤ ਟ੍ਰੇਅ ਜਾਂ ਕਿਸੇ ਹੋਰ ਕਨਟੇਨਰ ਵਿੱਚ ਰੱਖਦਾ ਹੈ ਅਤੇ ਦੋ ਮੀਟਰ ਪਿੱਛੇ ਚਲਾ ਜਾਂਦਾ ਹੈ।

**ਕਦਮ 2.** ਸਟਾਫ਼ ਟ੍ਰੇਅ ਜਾਂ ਕਨਟੇਨਰ ਨੂੰ ਉਥੇ ਲੈ ਜਾਂਦਾ ਹੈ ਜਿੱਥੇ ਡ੍ਰਿੰਕ ਤਿਆਰ ਕੀਤਾ ਜਾਂਦਾ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਗਾਹਕ ਦੇ ਮੁੜ-ਵਰਤੋਂ ਯੋਗ ਕੱਪ ਨਾਲ ਕੋਈ ਸੰਪਰਕ ਨਾ ਹੋਵੇ।

**ਕਦਮ 3.** ਗਾਹਕ ਦੇ ਮੁੜ-ਵਰਤੋਂ ਯੋਗ ਕੱਪ ਨੂੰ ਛੂਹੇ ਬਿਨਾਂ, ਸਟਾਫ਼ ਤਿਆਰ ਕੀਤਾ ਡ੍ਰਿੰਕ ਗਾਹਕ ਦੇ ਮੁੜ-ਵਰਤੋਂ ਯੋਗ ਕੱਪ ਵਿੱਚ ਪਾਉਂਦਾ ਹੈ।

**ਕਦਮ 4.** ਸਟਾਫ਼ ਗਾਹਕ ਦੇ ਮੁੜ-ਵਰਤੋਂ ਯੋਗ ਕੱਪ ਵਾਲੀ ਟ੍ਰੇਅ ਨੂੰ ਇੱਕ ਕਾਉਂਟਰਟੌਪ 'ਤੇ ਲਿਆਉਂਦਾ ਹੈ ਜਿੱਥੋਂ ਗਾਹਕ ਇਸ ਨੂੰ ਲਿਜਾ ਜਾ ਸਕਦਾ ਹੈ।

**ਕਦਮ 5.** ਸਟਾਫ਼ ਹਰ ਵਰਤੋਂ ਤੋਂ ਬਾਅਦ ਟ੍ਰੇਆਂ ਅਤੇ ਡੱਬਿਆਂ ਨੂੰ ਧੋਂਦਾ ਅਤੇ ਰੋਗਾਣੂ-ਮੁਕਤ ਕਰਦਾ ਹੈ।

### *ਸੰਪਰਕ-ਰਹਿਤ ਕੱਪ ਤਰੀਕਾ 2*

**ਕਦਮ 1.** ਸਟਾਫ਼ ਇੱਕ ਛੋਟੇ ਜਿਹੇ ਜੱਗ ਵਿੱਚ ਜਾਂ ਫਿਰ ਮੁੜ-ਵਰਤੋਂ ਯੋਗ ਉਸੇ ਸਥਾਨ 'ਤੇ ਵਰਤੇ ਜਾਣ ਵਾਲੇ ਕੱਪ ਵਿੱਚ ਡ੍ਰਿੰਕ ਤਿਆਰ ਕਰਦਾ ਹੈ ਜਿਸ ਨੂੰ ਕਿਸੇ ਵਪਾਰਕ ਡਿਸ਼ਵਾਸ਼ਰ ਵਿੱਚ ਧੋਤਾ ਅਤੇ ਰੋਗਾਣੂ-ਮੁਕਤ ਕੀਤਾ ਗਿਆ ਹੈ

**ਕਦਮ 2.** ਸਟਾਫ਼ ਜਾਂ ਗਾਹਕ ਡ੍ਰਿੰਕ ਨੂੰ ਉਹਨਾਂ ਦੇ ਯਾਤਰਾ ਮੱਗ ਵਿੱਚ ਪਾਉਂਦੇ ਹਨ।

**ਕਦਮ 3.** ਸਟਾਫ਼ ਪਾਉਣ ਲਈ ਵਰਤੇ ਜਾਂਦੇ ਕੱਪ ਜਾਂ ਜੱਗ ਨੂੰ ਧੋਂਦਾ ਅਤੇ ਰੋਗਾਣੂ-ਮੁਕਤ ਕਰਦਾ ਹੈ।

## ਛੋਟਾਂ

### 1. ਹਸਪਤਾਲ ਅਤੇ ਕਮਿਊਨਿਟੀ ਕੇਅਰ ਸਹੂਲਤਾਂ

ਉਪਨਿਯਮ ਹਸਪਤਾਲਾਂ ਅਤੇ ਕਮਿਉਨਿਟੀ ਕੇਅਰ ਸਹੂਲਤਾਂ ਵਿੱਚ ਮਰੀਜ਼ਾਂ ਦੀ ਭੋਜਨ ਸੇਵਾ ਲਈ ਵਰਤੇ ਜਾਣ ਵਾਲੇ ਸਿੰਗਲ-ਯੂਜ਼ ਵਾਲੇ ਕੱਪਾਂ 'ਤੇ ਲਾਗੂ ਨਹੀਂ ਹੁੰਦਾ ਹੈ।

ਮਹੱਤਵਪੂਰਨ: ਉਪਨਿਯਮ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਊਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਨ ਲਈ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

### 2. ਚੈਰੀਟੇਬਲ ਭੋਜਨ ਸੇਵਾਵਾਂ

ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ[4] ਨੂੰ ਮੁਫ਼ਤ ਜਾਂ ਘੱਟ ਕੀਮਤ 'ਤੇ ਪੀਣ ਵਾਲੇ ਪਦਾਰਥ ਮੁਹੱਈਆ ਕਰਾਉਣ ਲਈ ਵਰਤੇ ਜਾਣ ਵਾਲੇ ਸਿੰਗਲ-ਯੂਜ਼ ਕੱਪਾਂ 'ਤੇ ਫ਼ੀਸ ਵਸੂਲ ਕਰਨ, ਜਾਂ ਇਸ ਉਦੇਸ਼ ਲਈ ਵਰਤੇ ਜਾਂਦੇ ਕੱਪਾਂ ਦੀ ਗਿਣਤੀ ਦੀ ਰਿਪੋਰਟ ਕਰਨ ਦੀ ਲੋੜ ਨਹੀਂ ਹੈ।

### 3. ਕੱਪਾਂ ਵਿੱਚ ਪਰੋਇਆ ਜਾਂਦਾ ਭੋਜਨ

ਕੱਪ ਫ਼ੀਸ ਅਤੇ ਰਿਪੋਰਟ ਕਰਨ ਦੀ ਲੋੜ ਤਿਆਰ ਭੋਜਨ ਪਰੋਸਣ ਲਈ ਵਰਤੇ ਜਾਂਦੇ ਸਿੰਗਲ-ਯੂਜ਼ ਕੱਪਾਂ 'ਤੇ ਲਾਗੂ ਨਹੀਂ ਹੁੰਦੀ, ਜਿਵੇਂ ਸੂਪ, ਪੁਡਿੰਗ, ਫ੍ਰੋਜ਼ਨ ਡਿਜ਼ਰਟ, ਆਦਿ।

### 4. ਸਟੋਰਾਂ ਵਿੱਚ ਸਿੰਗਲ-ਯੂਜ਼ ਕੱਪਾਂ ਦੇ ਪੈਕੇਜ ਵੇਚਣੇ

ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਘੱਟੋ-ਘੱਟ 6 ਸਿੰਗਲ-ਯੂਜ਼ ਪੀਣ ਵਾਲੇ ਕੱਪਾਂ ਦੇ ਪੈਕੇਜ ਵੇਚਣ ਦੀ ਇਜਾਜ਼ਤ ਹੈ।

**ਪੂਰਾ ਉਪਨਿਯਮ vancouver.ca/reduce-single-use 'ਤੇ ਪੜ੍ਹੋ**

| | |
|---|---|
| ਉਪਨਿਯਮ ਨੰਬਰ 12622 | ਸਿੰਗਲ-ਯੂਜ਼ ਪੀਣ ਵਾਲੇ ਕੱਪਾਂ ਦੀ ਵਰਤੋਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਨ ਲਈ ਉਪਨਿਯਮ। |
| ਉਪਨਿਯਮ ਨੰਬਰ 12844 | ਸਿੰਗਲ-ਯੂਜ਼ ਪੀਣ ਵਾਲੇ ਕੱਪਾਂ ਲਈ ਲੋੜਾਂ ਦੀ ਪ੍ਰਭਾਵੀ ਤਰੀਕ ਦੇ ਸੰਬੰਧ ਵਿੱਚ ਉਪਨਿਯਮ ਨੰਬਰ 4450 ਵਿੱਚ ਸੋਧ ਕਰਦਾ ਹੈ। |



[4] ਚੈਰੀਟੇਬਲ ਭੋਜਨ ਸੇਵਾਵਾਂ ਦੀ ਛੋਟ ਲਈ ਯੋਗ ਬਣਨ ਵਾਸਤੇ ਲਾਜ਼ਮੀ ਹੈ ਕਿ ਸੰਗਠਨ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੋਣ ਅਤੇ ਚੰਗੀ ਸਥਿਤੀ ਵਿੱਚ ਹੋਣ, ਜਾਂ ਫੈਡਰਲ ਇਨਕਮ ਟੈਕਸ ਐਕਟ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੋਣ।



# ਸ਼ਾਪਿੰਗ ਬੈਗਾਂ ਬਾਰੇ ਉਪਨਿਯਮ

1 ਜਨਵਰੀ 2022 ਤੋਂ ਲਾਗੂ

## ਤੁਹਾਨੂੰ ਕੀ ਜਾਨਣ ਦੀ ਲੋੜ ਹੈ

- ਇਹ ਉਪਨਿਯਮ ਖਾਸ ਤੌਰ 'ਤੇ ਸ਼ਾਪਿੰਗ ਬੈਗਾਂ ਲਈ ਹੈ (ਭਾਵ ਕਿਸੇ ਕਾਰੋਬਾਰ ਤੋਂ ਖਰੀਦੀਆਂ ਜਾਂ ਪ੍ਰਾਪਤ ਕੀਤੀਆਂ ਚੀਜ਼ਾਂ ਢੋਣ ਲਈ ਗਾਹਕਾਂ ਦੁਆਰਾ ਵਰਤਿਆ ਜਾਂਦਾ ਇੱਕ ਬੈਗ)।
- ਕਾਰੋਬਾਰੀ ਲਾਇਸੈਂਸ ਧਾਰਕਾਂ ਨੂੰ ਸ਼ਾਪਿੰਗ ਬੈਗ ਦੇਣ ਤੋਂ ਪਹਿਲਾਂ ਗਾਹਕਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਉਹਨਾਂ ਨੂੰ ਸ਼ਾਪਿੰਗ ਬੈਗ ਚਾਹੀਦੇ ਹਨ।
- ਜੇ ਸਿਟੀ ਦੁਆਰਾ ਬੇਨਤੀ ਕੀਤੀ ਜਾਂਦੀ ਹੈ, ਤਾਂ ਸੰਗਠਨਾਂ ਨੂੰ ਲਾਜ਼ਮੀ ਤੌਰ 'ਤੇ ਪਿਛਲੇ 12 ਮਹੀਨਿਆਂ ਦੌਰਾਨ ਹਰੇਕ ਸਥਾਨ 'ਤੇ ਵੰਡੇ ਗਏ ਕਾਗਜ਼ ਦੇ ਅਤੇ ਨਵੇਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਰਿਪੋਰਟ ਕਰਨੀ ਚਾਹੀਦੀ ਹੈ।

ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (BC Centre for Disease Control) ਦੁਆਰਾ ਕੋਵਿਡ-19 ਮਹਾਂਮਾਰੀ ਦੇ ਦੌਰਾਨ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਆਗਿਆ ਹੈ। ਵਿਕ੍ਰੇਤਾਵਾਂ ਨੂੰ ਸਿਹਤ ਅਤੇ ਸੁਰੱਖਿਆ ਦੀਆਂ ਤਾਜ਼ਾ ਸੇਧਾਂ ਲਈ ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (BC Centre for Disease Control) ਦੀ ਨਿਯਮਿਤ ਤੌਰ 'ਤੇ ਜਾਂਚ ਕਰਦੇ ਰਹਿਣਾ ਚਾਹੀਦਾ ਹੈ। bccdc.ca 'ਤੇ ਜਾਓ ਅਤੇ “food businesses” ਖੋਜੋ।

### ਪਲਾਸਟਿਕ ਦੇ ਸ਼ਾਪਿੰਗ ਬੈਗ

**ਪਾਬੰਦੀਸ਼ੁਦਾ**

ਸਾਰੀਆਂ ਮੋਟਾਈਆਂ ਦੇ ਪਲਾਸਟਿਕ ਦੇ ਸ਼ਾਪਿੰਗ ਬੈਗਾਂ 'ਤੇ ਲਾਗੂ ਹੁੰਦਾ ਹੈ ਜੋ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਇਹਨਾਂ ਤੋਂ ਬਣੇ ਹਨ:

- ਜੈਵਿਕ ਬਾਲਣ ਉਤਪਾਦਾਂ ਤੋਂ ਬਣੇ ਪਲਾਸਟਿਕ
- ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ (ਬਾਇਓਡਿਗ੍ਰੇਡੇਬਲ, ਆਕਸੋਡਿਗ੍ਰੇਡੇਬਲ, ਫੋਟੋਡਿਗ੍ਰੇਡੇਬਲ, ਆਦਿ) ਵਜੋਂ ਲੇਬਲ ਕੀਤਾ ਜਾਂ ਵਰਣਿਤ ਪਲਾਸਟਿਕ
- ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ (ਮੱਕੀ, ਆਲੂ, ਗੰਨੇ, ਆਦਿ) ਤੋਂ ਬਣੇ ਪਲਾਸਟਿਕ
- ਬਾਇਓਪਲਾਸਟਿਕ

### ਕਾਗਜ਼ ਦੇ ਸ਼ਾਪਿੰਗ ਬੈਗ

***ਘੱਟੋ-ਘੱਟ ਫ਼ੀਸਾਂ:***

**$0.15 - 2022**

**$0.25 - 2023**

ਉਪਨਿਯਮ ਦੀਆਂ ਹੋਰ ਲੋੜਾਂ:

- ਘੱਟੋ-ਘੱਟ 40% ਰੀਸਾਈਕਲ ਕੀਤੀ ਸਮੱਗਰੀ ਹੋਣੀ ਲਾਜ਼ਮੀ ਹੈ
- ਬੈਗ ਦੇ ਬਾਹਰ 'ਰੀਸਾਈਕਲ ਕਰਨ ਯੋਗ'' ਅਤੇ ਰੀਸਾਈਕਲ ਕੀਤੀ ਸਮੱਗਰੀ ਦੀ ਮਾਤਰਾ ਦਾ ਲੇਬਲ ਲਗਾਇਆ ਜਾਣਾ ਚਾਹੀਦਾ ਹੈ (ਜਿਵੇਂ ਕਿ “Recyclable. Made of 40% recycled content.”)
- ਕਾਗਜ਼ ਦੇ ਸ਼ਾਪਿੰਗ ਬੈਗ ਦੀਆਂ ਫ਼ੀਸਾਂ ਗਾਹਕਾਂ ਨੂੰ ਦਿੱਤੀਆਂ ਜਾਂਦੀਆਂ ਕਿਸੇ ਵੀ ਰਸੀਦਾਂ 'ਤੇ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਦਿਖਾਈਆਂ ਜਾਣੀਆਂ ਚਾਹੀਦੀਆਂ ਹਨ।

### ਨਵੇਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ

***ਘੱਟੋ-ਘੱਟ ਫ਼ੀਸਾਂ:***

**$1.00 - 2022**

**$2.00 - 2023**

ਉਪਨਿਯਮ ਦੀਆਂ ਹੋਰ ਲੋੜਾਂ:

- ਘੱਟੋ-ਘੱਟ 100 ਵਾਰ ਵਰਤੇ ਜਾਣ ਦੇ ਸਮਰੱਥ ਹੋਣ ਲਈ ਡਿਜ਼ਾਇਨ ਕੀਤੇ ਅਤੇ ਬਣਾਏ ਜਾਣੇ ਚਾਹੀਦੇ ਹਨ
- ਮੁੱਖ ਤੌਰ 'ਤੇ ਕੱਪੜੇ ਦੇ ਬਨੇ ਹੋਏ (ਉਦਾਹਰਨਾਂ ਲਈ ਪੰਨਾ 23-25 'ਤੇ ਸਾਰਣੀ ਦੇਖੋ)
- ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਦੀਆਂ ਫ਼ੀਸਾਂ ਗਾਹਕਾਂ ਨੂੰ ਦਿੱਤੀਆਂ ਜਾਂਦੀਆਂ ਕਿਸੇ ਵੀ ਰਸੀਦਾਂ 'ਤੇ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਦਿਖਾਈਆਂ ਜਾਣੀਆਂ ਚਾਹੀਦੀਆਂ ਹਨ।

## ਤੁਹਾਡੀ ਵਾਰੀ: ਉਪਨਿਯਮ ਦੀ ਪਾਲਣਾ ਕਰੋ

- ☐ **ਆਪਣੇ ਸਪਲਾਇਰ ਨਾਲ ਪਲਾਸਟਿਕ ਦੇ ਸ਼ਾਪਿੰਗ ਬੈਗ ਦੇ ਵਿਕਲਪਾਂ ਬਾਰੇ ਗੱਲ ਕਰੋ**: ਸੁਝਾਏ ਗਏ ਵਿਕਲਪਾਂ ਲਈ ਪੇਜ 23-25 ਦੇਖੋ।
- ☐ **ਗਾਹਕਾਂ ਨੂੰ ਬੈਗ ਸਾਫ਼ ਕਰਨ ਬਾਰੇ ਯਾਦ ਦਿਲਾਓ**: ਗਾਹਕਾਂ ਨੂੰ ਉਨ੍ਹਾਂ ਦੇ ਮੁੜ-ਵਰਤੋਂ ਯੋਗ ਬੈਗ ਸਾਫ਼ ਕਰਨ ਦੀ ਯਾਦ ਦਿਵਾ ਕੇ ਆਪਣੇ ਸਟਾਫ਼ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰੋ। ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ 'ਤੇ ਜਾਓ: vancouver.ca/bags.
- ☐ **ਮੁੜ-ਵਰਤੋਂ ਯੋਗ ਬੈਗਾਂ ਲਈ ਸੁਰੱਖਿਅਤ, ਪਹੁੰਚਯੋਗ ਪ੍ਰਕਿਰਿਆਵਾਂ ਵਿਕਸਿਤ ਕਰੋ**: ਮੁੜ-ਵਰਤੋਂ ਯੋਗ ਬੈਗਾਂ ਨਾਲ ਨਜਿੱਠਣ ਵਿੱਚ ਆਪਣੇ ਕਰਮਚਾਰੀਆਂ ਦੀ ਸਹਾਇਤਾ ਕਰਨ ਲਈ ਬੀਸੀ ਸੈਂਟਰ ਆਫ ਡਿਸਿਜ਼ ਕੰਟਰੋਲ ਦੀਆਂ ਵਾਰ-ਵਾਰ ਹੱਥ ਧੋਣ ਬਾਰੇ ਸੇਧਾਂ ਦਾ ਪਾਲਣ ਕਰੋ। ਅਪਾਹਜ ਗਾਹਕਾਂ ਦੇ ਮੁੜ-ਵਰਤੋਂ ਯੋਗ ਬੈਗਾਂ ਵਿੱਚ ਖਰੀਦਦਾਰੀ ਦਾ ਸਮਾਨ ਪਾ ਕੇ ਉਹਨਾਂ ਦੀ ਮਦਦ ਕਰੋ।
- ☐ **ਆਪਣੇ ਪੁਆਇੰਟ ਆਫ ਸੇਲ (POS) ਸਿਸਟਮ ਨੂੰ ਅੱਪਡੇਟ ਕਰੋ**: ਕਾਗਜ਼ ਦੇ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਫ਼ੀਸ ਵਸੂਲਨ ਲਈ ਆਪਣੇ ਸਟੋਰ-ਅੰਦਰਲੇ, ਆਨਲਾਈਨ, ਮੋਬਾਈਲ ਅਤੇ ਟੈਲੀਫ਼ੋਨ POS ਸਿਸਟਮ ਨੂੰ ਅੱਪਡੇਟ ਕਰੋ। ਫ਼ੀਸਾਂ GST ਅਤੇ PST ਦੇ ਅਧੀਨ ਹੁੰਦੀਆਂ ਹਨ।
- ☐ **ਰਸੀਦਾਂ**: ਸਾਰੇ ਕਾਰੋਬਾਰਾਂ ਲਈ ਲੋੜੀਂਦਾ ਹੈ ਕਿ ਉਹ ਗਾਹਕਾਂ ਨੂੰ ਦਿੱਤੀਆਂ ਜਾਂਦੀਆਂ ਕਿਸੇ ਵੀ ਰਸੀਦਾਂ 'ਤੇ ਬੈਗ ਫ਼ੀਸਾਂ ਨੂੰ “PAPER BAGS” ਅਤੇ “REUSABLE BAGS” ਵਰਗੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਦਿਖਾਉਣ।
- ☐ **ਤੁਹਾਡੇ ਦੁਆਰਾ ਹਰ ਸਾਲ ਵੰਡੇ ਗਏ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਗਿਣਤੀ ਦਾ ਪਤਾ ਲਗਾਉਣ ਲਈ ਇੱਕ ਸਿਸਟਮ ਸਥਾਪਿਤ ਕਰੋ**: ਤੁਸੀਂ ਤੁਹਾਡੇ ਦੁਆਰਾ ਦਿੱਤੇ ਗਏ ਕਾਗਜ਼ ਦੇ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਗਿਣਤੀ ਨੂੰ ਇਲੈਕਟ੍ਰੋਨਿਕ POS ਦੀ ਵਰਤੋਂ ਕਰਕੇ, ਜਾਂ ਹੋਰ ਤਰੀਕਿਆਂ ਨਾਲ ਟ੍ਰੈਕ ਕਰ ਸਕਦੇ ਹੋ ਜਿਵੇਂ ਕਿ ਸਾਲ ਦੇ ਸ਼ੁਰੂ ਵਿੱਚ ਅਤੇ ਅੰਤ 'ਤੇ ਵਿੱਚ ਤੁਹਾਡੀ ਇਨਵੈਂਟਰੀ ਵਿੱਚ ਮੌਜੂਦ ਬੈਗਾਂ ਦੀ ਗਿਣਤੀ ਕਰਨੀ।
- ☐ **ਆਪਣੇ ਸਟਾਫ਼/ਕੈਸ਼ੀਅਰਾਂ ਨੂੰ ਗਾਹਕਾਂ ਨੂੰ ਇਹ ਪੁੱਛਣ ਦੀ ਸਿਖਲਾਈ ਦਿਓ ਕਿ ਉਹ ਗਾਹਕਾਂ ਨੂੰ ਕਾਗਜ਼ ਦੇ ਜਾਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਦੇਣ ਤੋਂ ਪਹਿਲਾਂ ਪੁੱਛਣ ਕਿ ਕੀ ਉਹਨਾਂ ਨੂੰ ਇਸਦੀ ਲੋੜ ਹੈ।**
- ☐ **ਬੈਗ ਫ਼ੀਸਾਂ ਤੋਂ ਮਿਲਣ ਵਾਲੀ ਆਮਦਨੀ ਬਾਰੇ ਪਾਰਦਰਸ਼ੀ ਬਣੋ**: ਆਪਣੇ ਗਾਹਕਾਂ ਨੂੰ ਦਿਖਾਓ ਕਿ ਤੁਸੀਂ ਬੈਗ ਫ਼ੀਸਾਂ ਤੋਂ ਹੋਣ ਵਾਲੀ ਆਮਦਨੀ ਨੂੰ ਕਿਵੇਂ ਵਰਤ ਰਹੇ ਹੋ।
- ☐ **ਵੰਡੇ ਗਏ ਸ਼ਾਪਿੰਗ ਬੈਗਾਂ ਦੀ ਸਿਟੀ ਨੂੰ ਰਿਪੋਰਟ ਕਰੋ (ਜੇ ਬੇਨਤੀ ਕੀਤੀ ਜਾਵੇ)**: ਜੇ ਸਿਟੀ ਦੁਆਰਾ ਬੇਨਤੀ ਕੀਤੀ ਜਾਂਦੀ ਹੈ ਤਾਂ ਪਿਛਲੇ 12 ਮਹੀਨਿਆਂ ਵਿੱਚ ਵੰਡੇ ਗਏ ਕਾਗਜ਼ ਦੇ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਰਿਪੋਰਟ ਕਰੋ।
- ☐ **ਬਾਕੀ ਬਚੇ ਸਾਰੇ ਪਲਾਸਟਿਕ ਸ਼ਾਪਿੰਗ ਬੈਗ ਦਾਨ ਵਿੱਚ ਦਿਓ ਜਾਂ ਵੇਚ ਦਿਓ**: ਕੋਈ ਵੀ ਬਾਕੀ ਬਚੇ ਪਲਾਸਟਿਕ ਦੇ ਸ਼ਾਪਿੰਗ ਬੈਗ ਵੈਨਕੂਵਰ ਤੋਂ ਬਾਹਰ ਦੇ ਕਾਰੋਬਾਰਾਂ ਨੂੰ ਵੇਚ ਦਿੱਤੇ ਜਾਣੇ ਚਾਹੀਦੇ ਹਨ ਜਾਂ ਚੈਰੀਟੇਬਲ ਅਤੇ ਗੈਰ-ਮੁਨਾਫ਼ਾ ਸੰਗਠਨ ਨੂੰ ਦਾਨ ਕਰ ਦਿੱਤੇ ਜਾਣੇ ਚਾਹੀਦੇ ਹਨ (ਜੇ ਉਹ ਪਲਾਸਟਿਕ ਬੈਗਾਂ ਦਾ ਦਾਨ ਸਵੀਕਾਰ ਕਰ ਰਹੇ ਹਨ)। ਚੈਰੀਟੇਬਲ ਸੰਗਠਨ ਕਈ ਵਾਰ ਖਾਲੀ ਪਲਾਸਟਿਕ ਦੇ ਸ਼ਾਪਿੰਗ ਬੈਗ ਆਮਦਨੀ ਵਿੱਚ ਅਸਮਾਨਤਾ ਤੋਂ ਪ੍ਰਭਾਵਿਤ ਵਸਨੀਕਾਂ ਨੂੰ ਵੱਖ-ਵੱਖ ਕੰਮਾਂ ਲਈ ਮੁਹੱਈਆ ਕਰਵਾਉਂਦੇ ਹਨ, ਜਿਵੇਂ ਕਿ ਕੂੜੇਦਾਨ ਦੇ ਅੰਦਰ ਲਗਾਉਣ ਲਈ ਜਾਂ ਜੁੱਤਿਆਂ ਨੂੰ ਵਧੇਰੇ ਵਾਟਰਪ੍ਰੂਫ਼ ਬਣਾਉਣ ਲਈ।

## ਬੈਗ ਫ਼ੀਸਾਂ

- ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਬੈਗਾਂ ਤੋਂ ਫ਼ੀਸ ਨੂੰ ਆਪਣੇ ਕੋਲ ਰੱਖਦੇ ਹਨ। ਬੈਗ ਫ਼ੀਸਾਂ ਤੋਂ ਹੋਣ ਵਾਲੀ ਆਮਦਨੀ ਸਿਟੀ ਨੂੰ ਨਹੀਂ ਦਿੱਤੀ ਜਾਂਦੀ ਹੈ।
- ਸੰਗਠਨਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਫ਼ੀਸਾਂ ਦੀ ਵਰਤੋਂ ਉਪਨਿਯਮ ਦੀ ਪਾਲਣਾ ਦੀ ਲਾਗਤ ਨੂੰ ਕਵਰ ਕਰਨ ਲਈ ਕਰਨ, ਜਿਵੇਂ ਕਿ ਸਾਫ਼ਟਵੇਅਰ ਅੱਪਡੇਟ, ਸਟਾਫ਼ ਦੀ ਸਿਖਲਾਈ, ਆਦਿ।
- ਕਾਰੋਬਾਰ ਫ਼ੀਸਾਂ ਦੀ ਕਮਾਈ ਨੂੰ ਉਹਨਾਂ ਗੈਰ-ਮੁਨਾਫ਼ਾ ਸੰਗਠਨਾਂ ਅਤੇ ਸਮਾਜਿਕ ਉੱਦਮਾਂ ਨੂੰ ਮੁੜ-ਵਰਤੋਂ ਯੋਗ ਬੈਗਾਂ ਦਾ ਦਾਨ ਕਰਨ ਲਈ ਫੰਡ ਕਰਨ ਵਾਸਤੇ ਵੀ ਵਰਤ ਸਕਦੇ ਹਨ ਜੋ ਆਮਦਨੀ ਦੀ ਅਸਮਾਨਤਾ ਦੁਆਰਾ ਪ੍ਰਭਾਵਿਤ ਵਸਨੀਕਾਂ ਨੂੰ ਪ੍ਰੋਗਰਾਮ ਪੇਸ਼ ਕਰਦੇ ਹਨ।
- ਆਪਣੇ ਗਾਹਕਾਂ ਨੂੰ ਆਪਣਾ ਬੈਗ ਲਿਆਉਣ ਲਈ ਉਤਸ਼ਾਹਿਤ ਕਰਕੇ ਫ਼ੀਸਾਂ ਤੋਂ ਬਚਣ ਵਿੱਚ ਉਹਨਾਂ ਦੀ ਸਹਾਇਤਾ ਕਰੋ।
- ਗਾਹਕਾਂ ਨੂੰ ਉਹਨਾਂ ਦੇ ਆਪਣੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਲਿਆਉਣ ਲਈ ਇਨਾਮ ਵਜੋਂ ਛੋਟ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

## *ਕੀ ਤੁਹਾਨੂੰ ਪਤਾ ਸੀ?*

- 2018 ਵਿੱਚ, ਵੈਨਕੂਵਰ ਵਿੱਚ ਲਗਭਗ 89 ਮਿਲੀਅਨ ਪਲਾਸਟਿਕ ਦੇ ਸ਼ਾਪਿੰਗ ਬੈਗ ਅਤੇ 4 ਮਿਲੀਅਨ ਕਾਗਜ਼ ਦੇ ਸ਼ਾਪਿੰਗ ਬੈਗ ਕੂੜੇਦਾਨ ਵਿੱਚ ਸੁੱਟੇ ਗਏ ਸਨ।
- ਗ੍ਰੇਟ ਕੈਨੇਡੀਅਨ ਸ਼ੋਅਰਲਾਈਨ ਕਲੀਨਅੱਪ (Great Canadian Shoreline Cleanup) ਦੇ ਅਨੁਸਾਰ 2019 ਵਿੱਚ ਪਲਾਸਟਿਕ ਬੈਗ ਕਨੇਡਾ ਦੇ ਸਮੁੰਦਰੀ ਕੰਢਿਆਂ 'ਤੇ ਪਾਇਆ ਗਿਆ ਛੇਵਾਂ ਸਭ ਤੋਂ ਆਮ ਕੂੜਾ ਸੀ।
- 95% ਮੈਟਰੋ ਵੈਨਕੂਵਰ ਨਿਵਾਸੀਆਂ ਕੋਲ ਪਹਿਲਾਂ ਹੀ ਘੱਟੋ-ਘੱਟ ਇੱਕ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਹੈ।

---

## ਚੈਰੀਟੇਬਲ ਭੋਜਨ ਸੇਵਾਵਾਂ

ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਮੱਦੇਨਜ਼ਰ, ਚੈਰੀਟੇਬਲ ਭੋਜਨ ਸੇਵਾਵਾਂ ਮਹਾਂਮਾਰੀ ਦੇ ਦੌਰਾਨ ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਵੰਡਣਾ ਜਾਰੀ ਰੱਖ ਸਕਦੀਆਂ ਹਨ। ਚੈਰੀਟੇਬਲ ਫੂਡ ਸਰਵਿਸਿਜ਼ ਤੋਂ ਜਿੰਨੀ ਜਲਦੀ ਉਹਨਾਂ ਲਈ ਸੰਭਵ ਹੋ ਸਕੇ (ਕੋਵਿਡ-19 ਦੇ ਦੌਰਾਨ ਜਾਂ ਇਸ ਤੋਂ ਬਾਅਦ) ਉਪਨਿਯਮਾਂ ਦੀ ਪਾਲਣਾ ਕਰਨ ਦੇ ਵੱਲ ਕੰਮ ਕਰਨਾ ਸ਼ੁਰੂ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

**ਪੂਰਾ ਉਪਨਿਯਮ vancouver.ca/reduce-single-use 'ਤੇ ਪੜ੍ਹੋ**

| | |
|---|---|
| ਉਪਨਿਯਮ ਨੰਬਰ 12624 | ਸ਼ਾਪਿੰਗ ਬੈਗਾਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਨ ਲਈ ਉਪਨਿਯਮ |
| ਉਪਨਿਯਮ ਨੰਬਰ 12843 | ਸ਼ਾਪਿੰਗ ਬੈਗਾਂ ਲਈ ਲੋੜਾਂ ਦੀ ਪ੍ਰਭਾਵੀ ਤਾਰੀਖ ਦੇ ਸੰਬੰਧ ਵਿੱਚ ਉਪਨਿਯਮ ਨੰਬਰ 4450 ਵਿੱਚ ਸੋਧ ਕਰਦਾ ਹੈ |
| ਉਪਨਿਯਮ ਨੰਬਰ 12866 | ਸ਼ਾਪਿੰਗ ਬੈਗ ਫ਼ੀਸ ਕਾਰਜਕ੍ਰਮ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਨ ਲਈ ਉਪਨਿਯਮ |



## ਛੋਟਾਂ

### 1. "ਬੈਗ-ਸ਼ੇਅਰ" ਜਾਂ " ਟੇਕ-ਏ-ਬੈਗ, ਲੀਵ-ਏ-ਬੈਗ" ਪ੍ਰੋਗਰਾਮ

ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਉਹਨਾਂ ਕਾਗਜ਼ ਦੇ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਫ਼ੀਸ ਵਸੂਲਨ ਦੀ ਲੋੜ ਨਹੀਂ ਹੁੰਦੀ ਹੈ ਜੋ ਪਹਿਲਾਂ ਹੀ ਗਾਹਕ ਦੁਆਰਾ ਵਰਤੇ ਜਾ ਚੁੱਕੇ ਹਨ ਅਤੇ ਦੂਜੇ ਗਾਹਕਾਂ ਦੁਆਰਾ ਦੁਬਾਰਾ ਵਰਤੇ ਜਾਣ ਲਈ ਵਾਪਸ ਕੀਤੇ ਗਏ ਹਨ। ਉਹਨਾਂ ਨੂੰ ਉਹਨਾਂ ਬੈਗਾਂ ਦੀ ਗਿਣਤੀ ਦੀ ਰਿਪੋਰਟ ਕਰਨ ਦੀ ਵੀ ਲੋੜ ਨਹੀਂ ਹੁੰਦੀ ਹੈ ਜੋ ਗਾਹਕ ਦੁਆਰਾ ਘੱਟੋ-ਘੱਟ ਇੱਕ ਵਾਰ ਪਹਿਲਾਂ ਹੀ ਵਰਤੇ ਜਾ ਚੁੱਕੇ ਹਨ।

*ਧਿਆਨ ਦਿਓ: ਜੇ ਕੋਈ ਕਾਰੋਬਾਰ, ਚੈਰਿਟੀ ਜਾਂ ਗੈਰ-ਮੁਨਾਫ਼ਾ ਸੰਗਠਨ ਮੁੜ-ਵਰਤੋਂ ਯੋਗ ਬੈਗ-ਸ਼ੇਅਰ ਪ੍ਰੋਗਰਾਮ ਮੁਹੱਈਆ ਕਰਦਾ ਹੈ, ਤਾਂ ਉਹਨਾਂ ਨੂੰ ਵੈਨਕੂਵਰ ਕੋਸਟਲ ਹੈਲਥ ਨਾਲ ਮਿਲ ਕੇ ਇਸ ਗੱਲ 'ਤੇ ਧਿਆਨ ਦੇਣ ਲਈ ਕੰਮ ਕਰਨਾ ਚਾਹੀਦਾ ਹੈ ਕਿ ਉਹ ਆਪਣੀ ਸੈਨੀਟੇਸ਼ਨ ਯੋਜਨਾ ਦੇ ਅੰਦਰ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਸਾਫ ਕਰਨਗੇ। ਇਸਦਾ ਅਰਥ ਹੈ ਕਿ ਮੁੜ-ਵਰਤੋਂ ਯੋਗ ਬੈਗ ਧੋਣ ਯੋਗ ਹੋਣੇ ਚਾਹੀਦੇ ਹਨ ਜਾਂ ਅਜਿਹੀ ਸਮੱਗਰੀ ਤੋਂ ਬਣਾਏ ਜਾਣੇ ਚਾਹੀਦੇ ਹਨ ਜਿਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਗਾਣੂ-ਮੁਕਤ ਕੀਤਾ ਜਾ ਸਕਦਾ ਹੈ।*

### 2. ਚੈਰੀਟੇਬਲ ਭੋਜਨ ਸੇਵਾਵਾਂ

ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ[5] ਨੂੰ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਪਦਾਰਥ ਮੁਹੱਈਆ ਕਰਾਉਣ ਲਈ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ 'ਤੇ ਫ਼ੀਸਾਂ ਵਸੂਲ ਕਰਨ, ਜਾਂ ਇਸ ਉਦੇਸ਼ ਲਈ ਵਰਤੇ ਜਾਂਦੇ ਬੈਗਾਂ ਦੀ ਗਿਣਤੀ ਦੀ ਰਿਪੋਰਟ ਕਰਨ ਦੀ ਲੋੜ ਨਹੀਂ ਹੈ।

### 3. ਪ੍ਰਿਸਕ੍ਰਿਪਸ਼ਨ ਦਵਾਈਆਂ ਲਈ ਸ਼ਾਪਿੰਗ ਬੈਗ

ਫਾਰਮੇਸੀਆਂ ਨੂੰ ਪ੍ਰਿਸਕ੍ਰਿਪਸ਼ਨ ਦਵਾਈਆਂ ਨੂੰ ਲਿਜਾਉਣ ਲਈ ਵਰਤੇ ਜਾਂਦੇ ਕਾਗਜ਼ ਦੇ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਫ਼ੀਸਾਂ ਵਸੂਲ ਕਰਨ, ਜਾਂ ਇਸ ਉਦੇਸ਼ ਲਈ ਵੰਡੇ ਗਏ ਬੈਗਾਂ ਦੀ ਸੰਖਿਆ ਬਾਰੇ ਰਿਪੋਰਟ ਕਰਨ ਦੀ ਲੋੜ ਨਹੀਂ ਹੁੰਦੀ।

### 4. ਛੋਟੇ ਕਾਗਜ਼ ਦੇ ਬੈਗ

ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਛੋਟੇ ਕਾਗਜ਼ ਦੇ ਬੈਗਾਂ (ਸਮਤਲ ਹੋਣ 'ਤੇ 15 ਸੈਂਟੀਮੀਟਰ x 20 ਸੈਂਟੀਮੀਟਰ ਤੋਂ ਘੱਟ) 'ਤੇ ਫ਼ੀਸ ਵਸੂਲ ਕਰਨ, ਜਾਂ ਵੰਡੇ ਗਏ ਛੋਟੇ ਕਾਗਜ਼ ਦੇ ਬੈਗਾਂ ਦੀ ਸੰਖਿਆ ਬਾਰੇ ਰਿਪੋਰਟ ਕਰਨ ਦੀ ਲੋੜ ਨਹੀਂ ਹੁੰਦੀ।

### 5. ਵੱਡੇ ਸ਼ਾਪਿੰਗ ਬੈਗ

ਚਾਦਰਾਂ, ਬਿਸਤਰੇ ਜਾਂ ਹੋਰ ਅਜਿਹੀਆਂ ਵੱਡੀਆਂ ਚੀਜ਼ਾਂ, ਜੋ ਆਸਾਨੀ ਨਾਲ ਕਾਗਜ਼ ਦੇ ਜਾਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਵਿੱਚ ਨਹੀਂ ਆ ਸਕਦੀਆਂ ਹਨ, ਦੀ ਢੋਆ-ਢੁਆਈ ਲਈ ਵਰਤੇ ਜਾਂਦੇ ਪਲਾਸਟਿਕ ਦੇ ਸ਼ਾਪਿੰਗ ਬੈਗਾਂ ਦੀ ਆਗਿਆ ਹੈ।

### 6. ਬੈਗ ਜੋ ਕਿ ਸ਼ਾਪਿੰਗ ਬੈਗ ਨਹੀਂ ਹਨ

ਉਪਨਿਯਮ ਖਾਸ ਤੌਰ 'ਤੇ ਸ਼ਾਪਿੰਗ ਬੈਗਾਂ ਲਈ ਹੈ ਅਤੇ ਹੋਰ ਕਿਸਮਾਂ ਦੇ ਬੈਗਾਂ 'ਤੇ ਲਾਗੂ ਨਹੀਂ ਹੁੰਦਾ। ਇਸਦਾ ਅਰਥ ਹੈ ਕਿ ਹੇਠਾਂ ਦਿੱਤੇ ਕੰਮਾਂ ਲਈ ਕਿਸੇ ਵੀ ਸਮੱਗਰੀ ਤੋਂ ਬਣੇ ਹੋਏ ਹਨ ਬੈਗਾਂ ਲਈ ਪਾਬੰਦੀ, ਲੋੜੀਂਦੀਆਂ ਫ਼ੀਸਾਂ ਜਾਂ ਬੈਗਾਂ ਦੀ ਰਿਪੋਰਟ ਕਰਨ ਦੀ ਲੋੜ ਨਹੀਂ ਹੈ:

- ਖੁੱਲ੍ਹੀਆਂ ਵੱਡੀਆਂ ਆਈਟਮਾਂ ਜਿਵੇਂ ਫਲ, ਸਬਜ਼ੀਆਂ, ਮੇਵੇ, ਅਨਾਜ ਜਾਂ ਕੈਂਡੀ ਪਾਉਣੀ
- ਖੁੱਲ੍ਹੀਆਂ ਛੋਟੀਆਂ ਹਾਰਡਵੇਅਰ ਆਈਟਮਾਂ ਜਿਵੇਂ ਕਿ ਕਿੱਲ ਅਤੇ ਬੋਲਟ ਪਾਉਣੇ
- ਬੇਕਰੀ ਦੇ ਸਮਾਨ ਦੀ ਰੱਖਿਆ ਕਰਨੀ ਜੋ ਵਿਕਰੀ ਬਿੰਦੂ ਤੋਂ ਪਹਿਲਾਂ ਪੈਕ ਨਹੀਂ ਕੀਤਾ ਜਾਂਦਾ ਹੈ
- ਫ੍ਰੋਜ਼ਨ ਭੋਜਨ ਪਦਾਰਥਾਂ, ਮੀਟ, ਪੋਲਟਰੀ ਜਾਂ ਮੱਛੀ ਨੂੰ ਰੱਖਣਾ ਜਾਂ ਲਪੇਟਣਾ, ਚਾਹੇ ਵਿਕਰੀ ਬਿੰਦੂ ਤੋਂ ਪਹਿਲਾਂ ਪੈਕ ਕੀਤਾ ਗਿਆ ਹੋਵੇ ਜਾਂ ਨਹੀਂ
- ਫੁੱਲਾਂ ਜਾਂ ਗਮਲੇ ਵਾਲੇ ਪੌਦਿਆਂ ਨੂੰ ਲਪੇਟਣਾ
- ਜਿਉਂਦੀ ਮੱਛੀ ਨੂੰ ਟ੍ਰਾਂਸਪੋਰਟ ਕਰਨਾ
- ਅਖ਼ਬਾਰਾਂ ਜਾਂ ਹੋਰ ਛਪੀਆਂ ਸਮੱਗਰੀਆਂ ਦੀ ਰੱਖਿਆ ਕਰਨੀ ਜਿਨ੍ਹਾਂ ਨੂੰ ਗਾਹਕ ਦੀ ਰਿਹਾਇਸ਼ ਜਾਂ ਕਾਰੋਬਾਰ ਦੇ ਸਥਾਨ 'ਤੇ ਛੱਡਿਆ ਜਾਣਾ ਹੈ
- ਪੇਸ਼ੇਵਰ ਲਾਂਡਰਿੰਗ ਜਾਂ ਡ੍ਰਾਈ ਕਲੀਨਿੰਗ ਤੋਂ ਬਾਅਦ ਕੱਪੜਿਆਂ ਦੀ ਰੱਖਿਆ ਕਰਨੀ
- ਕੂੜੇ ਅਤੇ ਖਾਦ ਦੇ ਡੱਬਿਆਂ ਦੇ ਅੰਦਰ ਲਗਾਉਣਾ
- ਪਾਲਤੂ ਜਾਨਵਰਾਂ ਦਾ ਕੂੜਾ ਇਕੱਤਰ ਕਰਨਾ
- ਸੈਂਡਵਿਚ ਪੈਕ ਕਰਨੇ

*ਇਹ ਸੂਚੀ ਪੂਰੀ ਨਹੀਂ ਹੈ। ਦੂਸਰੇ ਬੈਗ ਜੋ ਕਿਸੇ ਸ਼ਾਪਿੰਗ ਬੈਗ ਦੀ ਉਪਨਿਯਮ ਪਰਿਭਾਸ਼ਾ ਨੂੰ ਪੂਰਾ ਨਹੀਂ ਕਰਦੇ ਹਨ, ਉਹ ਵੀ ਇਸ ਸਮੇਂ ਪਾਬੰਦੀ ਜਾਂ ਲੋੜੀਂਦੀਆਂ ਫ਼ੀਸਾਂ ਦੇ ਅਧੀਨ ਨਹੀਂ ਹਨ।*

[5] ਚੈਰੀਟੇਬਲ ਭੋਜਨ ਸੇਵਾਵਾਂ ਦੀ ਛੋਟ ਲਈ ਯੋਗ ਬਣਨ ਵਾਸਤੇ ਲਾਜ਼ਮੀ ਹੈ ਕਿ ਸੰਗਠਨ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੋਣ ਅਤੇ ਚੰਗੀ ਸਥਿਤੀ ਵਿੱਚ ਹੋਣ, ਜਾਂ ਫੈਡਰਲ ਇਨਕਮ ਟੈਕਸ ਐਕਟ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੋਣ।

# ਖਾਦ ਵਿੱਚ ਬਦਲਣ ਯੋਗ ਅਤੇ ਨਸ਼ਟ ਹੋਣ ਯੋਗ ਪਲਾਸਟਿਕ

ਇਹ ਕੁਝ ਭੁਲੇਖੇ ਤੋੜਨ ਦਾ ਸਮਾਂ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋ ਸਕਦੀ ਹੈ ਕਿ ਤੁਹਾਡੇ ਗਾਹਕਾਂ ਦੀ ਲੋੜ੍ਹ ਪੂਰੀ ਹੋਣ ਤੋਂ ਬਾਅਦ ਇਹਨਾਂ ਚੀਜ਼ਾਂ ਦਾ ਕੀ ਹੁੰਦਾ ਹੈ।

## *ਤੱਥ #1*

ਪਲਾਸਟਿਕ ਜਿਸ ਨੂੰ ਇਸ ਵਜੋਂ ਲੇਬਲ ਜਾਂ ਵਰਣਿਤ ਕੀਤਾ ਜਾਂਦਾ ਹੈ:

- ਖਾਦ ਵਿੱਚ ਬਦਲਣ ਯੋਗ
- ਨਸ਼ਟ ਹੋਣ ਯੋਗ (ਬਾਇਓਡਿਗ੍ਰੇਡੇਬਲ, ਆਕਸੋਡਿਗ੍ਰੇਡੇਬਲ, ਫੋਟੋਡਿਗ੍ਰੇਡੇਬਲ, ਆਦਿ),
- ਬਾਇਓਪਲਾਸਟਿਕ, ਜਾਂ
- ਪੌਦਿਆਂ ਜਾਂ ਹੋਰ ਜੀਵ-ਵਿਗਿਆਨਕ ਪਦਾਰਥਾਂ ਤੋਂ ਬਣੇ:
    - » ਇਹ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤੇ ਜਾਣ 'ਤੇ ਬਾਇਓਡਿਗ੍ਰੇਡ ਹੋਣ ਲਈ ਤਿਆਰ ਨਹੀਂ ਕੀਤਾ ਗਿਆ ਹੈ;
    - » ਸਿਟੀ ਦੇ ਗ੍ਰੀਨ ਬਿਨ ਆਰਗੈਨਿਕਸ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ;
    - » ਮੌਜੂਦਾ ਖਾਦ ਵਿੱਚ ਬਦਲਣ ਯੋਗ ਅਤੇ ਰੀਸਾਈਕਲਿੰਗ ਸਟ੍ਰੀਮਾਂ ਨੂੰ ਦੂਸ਼ਿਤ ਕਰਦਾ ਹੈ; ਅਤੇ
    - » ਬੀਸੀ ਦੇ ਪ੍ਰੋਵਿੰਸ਼ੀਅਲ ਰੈਗੂਲੇਸ਼ਨ ਅਧੀਨ ਖਾਦ ਬਣਾਏ ਜਾਣ ਲਈ ਪ੍ਰਵਾਨਿਤ ਨਹੀਂ ਹੈ।




## *ਤੱਥ #2*

ਪਲਾਸਟਿਕ ਜਿਸਨੂੰ ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ ਵਜੋਂ ਲੇਬਲ ਜਾਂ ਵਰਣਿਤ ਕੀਤਾ ਜਾਂਦਾ ਹੈ ਉਸ ਨੂੰ ਵੀ ਰੀਸਾਈਕਲ ਬੀਸੀ ਦੇ ਰਿਹਾਇਸ਼ੀ ਰੀਸਾਈਕਲਿੰਗ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ।

## *ਤੱਥ #3*

ਦੂਸ਼ਿਤ ਹੋਣ ਕਰਕੇ, ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ ਜਾਂ ਪੌਦਿਆਂ ਤੋਂ ਬਣੇ ਵਜੋਂ ਲੇਬਲ ਜਾਂ ਵਰਣਿਤ ਕੀਤੇ ਪਲਾਸਟਿਕ ਨੂੰ ਸਥਾਨਕ ਖਾਦ ਦੀਆਂ ਸਟ੍ਰੀਮਾਂ ਤੋਂ ਹਟਾ ਦਿੱਤੇ ਜਾਣ ਅਤੇ ਫਿਰ ਲੈਂਡਫਿਲ ਜਾਂ ਇਨਸਿਨੇਰੇਟਰ ਵਿੱਚ ਸੁੱਟ ਦਿੱਤੇ ਜਾਣ ਦੀ ਬਹੁਤ ਸੰਭਾਵਨਾ ਹੁੰਦੀ ਹੈ।

## ਇਸ ਦੀ ਬਜਾਏ ਕੀ ਚੁਣਿਆ ਜਾਵੇ

ਸਿਟੀ ਦੁਆਰਾ ਭੋਜਨ ਵਿਕ੍ਰੇਤਾਵਾਂ ਨੂੰ ਜਿੱਥੇ ਵੀ ਸੰਭਵ ਹੋਵੇ ਮੁੜ-ਵਰਤੋਂ ਯੋਗ ਵਿਕਲਪਾਂ ਦੀ ਚੋਣ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਨਹੀਂ ਤਾਂ, ਸਿਟੀ ਦੁਆਰਾ ਅਜਿਹੀ ਸਮਗਰੀ ਤੋਂ ਬਣੇ ਵਿਕਲਪਾਂ ਦਾ ਸੁਝਾਅ ਦਿੱਤਾ ਜਾਂਦਾ ਹੈ ਜੋ ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਖਾਦ ਵਿੱਚ ਬਦਲਣ ਲਈ ਜਾਂ ਰੀਸਾਈਕਲ ਬੀਸੀ ਦੇ ਰਿਹਾਇਸ਼ੀ ਰੀਸਾਈਕਲਿੰਗ ਪ੍ਰੋਗਰਾਮ ਵਿੱਚ ਰੀਸਾਈਕਲ ਕਰਨ ਲਈ ਸਵੀਕਾਰ ਕੀਤੇ ਜਾਂਦੇ ਹਨ।

**ਪੰਨਾ 23- 25 ਉੱਤੇ ਸੁਝਾਏ ਗਏ ਵਿਕਲਪਾਂ ਦੀ ਸੂਚੀ ਦੇਖੋ।**

# ਸੁਝਾਏ ਗਏ ਵਿਕਲਪ

ਮੁਕੰਮਲ ਅਤੇ ਨਵੀਨਤਮ ਸੂਚੀ ਲਈ **VANCOUVER.CA/REDUCE-SINGLE-USE** 'ਤੇ ਜਾਓ

## ਕਨਟੇਨਰ

| ਮੁੜ-ਵਰਤੋਂ ਯੋਗ | | ਰੀਸਾਈਕਲ ਕਰਨ ਯੋਗ<br>ਬ੍ਰਿਟਿਸ਼ ਕੋਲੰਬੀਆ ਦੇ ਰੈਜੀਡੈਂਸ਼ਿਅਲ ਰੀਕਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰਿਆ ਜਾਂਦਾ ਹੈ | ਖਾਦ ਵਿੱਚ ਬਦਲਣ ਯੋਗ<br>ਵੈਨਕੂਵਰ ਸ਼ਹਿਰ ਦੇ ਗ੍ਰੀਨ ਬੀਨ ਵਿੱਚ ਸਵੀਕਾਰਿਆ ਜਾਂਦਾ ਹੈ |
|---|---|---|---|
| <br>ਚੀਨੀ ਮਿੱਟੀ | <br>ਟਿਫਿਨ | <br>ਪਲਾਸਟਿਕ ਦੀ ਪਰਤ ਵਾਲੇ ਕਾਗਜ਼ ਦੇ ਕੰਟੇਨਰ | <br>ਮੋਲਡ ਕੀਤੇ ਫਾਈਬਰ ਜਾਂ ਗੁੱਦੇ ਦੇ ਬਣੇ ਕੰਟੇਨਰ |
| <br>ਸਟੀਲ ਦੇ ਕਨਟੇਨਰ | <br>ਪਲਾਸਟਿਕ | <br>ਅਲੂਮੀਨੀਅਮ ਦੇ ਕੰਟੇਨਰ | <br>ਕਾਗਜ਼ ਦੀਆਂ ਪਲੇਟਾਂ ਅਤੇ ਬੈਗ |
| <br>ਪਲਾਸਟਿਕ ਦੇ ਕਟੋਰੇ | <br>ਕੱਚ ਦੇ ਜਾਰ | <br>ਪਲਾਸਟਿਕ ਦੇ ਕੰਟੇਨਰ | <br>ਪੱਤਿਆਂ ਦੀਆਂ ਪਲੇਟਾਂ ਅਤੇ ਕੱਪ |

## ਸਟ੍ਰਾਅ

| ਮੁੜ-ਵਰਤੋਂ ਯੋਗ | ਰੀਸਾਈਕਲ ਕਰਨ ਯੋਗ<br>ਬ੍ਰਿਟਿਸ਼ ਕੋਲੰਬੀਆ ਦੇ ਰੈਜੀਡੈਂਸ਼ਿਅਲ ਰੀਕਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰਿਆ ਜਾਂਦਾ ਹੈ | ਖਾਦ ਵਿੱਚ ਬਦਲਣ ਯੋਗ<br>ਵੈਨਕੂਵਰ ਸ਼ਹਿਰ ਦੇ ਗ੍ਰੀਨ ਬੀਨ ਵਿੱਚ ਸਵੀਕਾਰਿਆ ਜਾਂਦਾ ਹੈ |
|---|---|---|
| <br>ਧਾਤ ਦੇ ਸਟ੍ਰਾਅ<br><br>ਕੱਚ ਦੇ ਸਟ੍ਰਾਅ<br><br>ਸਿਲੀਕੋਨ ਸਟ੍ਰਾਅ | ਰੀਸਾਈਕਲ ਕਰਨ ਯੋਗ ਬਦਲ ਇਸ ਸਮੇਂ ਉਪਲਬਧ ਨਹੀਂ ਹਨ | <br>ਕਾਗਜ਼ ਦੇ ਸਟ੍ਰਾਅ<br><br>ਪਾਸਤਾ ਸਟ੍ਰਾਅ<br><br>ਘਾਹ ਦੇ ਸਟ੍ਰਾਅ |

## ਬਰਤਨ

| ਮੁੜ-ਵਰਤੋਂ ਯੋਗ | ਰੀਸਾਈਕਲ ਕਰਨ ਯੋਗ<br>ਬ੍ਰਿਟਿਸ਼ ਕੋਲੰਬੀਆ ਦੇ ਰੈਜੀਡੈਂਸ਼ਿਅਲ ਰੀਕਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰਿਆ ਜਾਂਦਾ ਹੈ | ਖਾਦ ਵਿੱਚ ਬਦਲਣ ਯੋਗ<br>ਵੈਨਕੂਵਰ ਸ਼ਹਿਰ ਦੇ ਗ੍ਰੀਨ ਬੀਨ ਵਿੱਚ ਸਵੀਕਾਰਿਆ ਜਾਂਦਾ ਹੈ |
| --- | --- | --- |
| <br>ਧਾਤਦੇ ਕਾਂਟੇ-ਚਮਚ ਅਤੇ ਚੋਪਸਟਿੱਕਾਂ<br><br>ਲੱਕੜ ਜਾਂ ਪਲਾਸਟਿਕ ਦੀਆਂ ਚੋਪਸਟਿੱਕਾਂ<br><br>ਪਲਾਸਟਿਕ ਅਤੇ ਸੇਰਾਮਿਕ ਦੇ ਕਾਂਟੇ-ਚਮਚ | ਰੀਸਾਈਕਲ ਕਰਨ ਯੋਗ ਬਦਲ ਇਸ ਸਮੇਂ ਉਪਲਬਧ ਨਹੀਂ ਹਨ | <br>ਲੱਕੜ ਅਤੇ ਬਾਂਸ ਦੇ ਬਰਤਨ<br><br>ਬਿਨਾ ਰੰਗੇ ਲੱਕੜ ਜਾਂ ਬਾਂਸ ਦੀਆਂ ਚੋਪਸਟਿੱਕਾਂ |

## ਕੱਪ

| ਮੁੜ-ਵਰਤੋਂ ਯੋਗ | ਰੀਸਾਈਕਲ ਕਰਨ ਯੋਗ<br>ਬ੍ਰਿਟਿਸ਼ ਕੋਲੰਬੀਆ ਦੇ ਰੈਜੀਡੈਂਸ਼ਿਅਲ ਰੀਕਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰਿਆ ਜਾਂਦਾ ਹੈ | ਖਾਦ ਵਿੱਚ ਬਦਲਣ ਯੋਗ<br>ਵੈਨਕੂਵਰ ਸ਼ਹਿਰ ਦੇ ਗ੍ਰੀਨ ਬੀਨ ਵਿੱਚ ਸਵੀਕਾਰਿਆ ਜਾਂਦਾ ਹੈ |
| --- | --- | --- |
| <br>ਚੀਨੀ ਮਿੱਟੀ<br><br>ਕੱਚ ਦੇ ਬਰਤਨ<br><br>ਮੁੜ-ਵਰਤੋਂ ਯੋਗ ਯਾਤਰਾ ਮੱਗ | <br>ਪਲਾਸਟਿਕ ਲਿਪਟੇ ਹੋਏ ਕਾਗਜ਼ ਦੇ ਕੱਪ ਅਤੇ ਕੰਟੇਨਰ<br><br>ਪਲਾਸਟਿਕ ਦੇ ਢੱਕਣ ਵਾਲੇ ਸਖ਼ਤ ਪਲਾਸਟਿਕ ਦੇ ਕੱਪ | ਖਾਦ ਵਿੱਚ ਬਦਲਣ ਯੋਗ ਬਦਲ ਇਸ ਸਮੇਂ ਉਪਲਬਧ ਨਹੀਂ ਹਨ |

# ਸ਼ਾਪਿੰਗ ਬੈਗ

| ਮੁੜ-ਵਰਤੋਂ ਯੋਗ | ਰੀਸਾਈਕਲ ਕਰਨ ਯੋਗ<br>ਬ੍ਰਿਟਿਸ਼ ਕੋਲੰਬੀਆ ਦੇ ਰੈਜੀਡੈਂਸ਼ਿਅਲ ਰੀਕਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰਿਆ ਜਾਂਦਾ ਹੈ | ਖਾਦ ਵਿੱਚ ਬਦਲਣ ਯੋਗ<br>ਵੈਨਕੂਵਰ ਸ਼ਹਿਰ ਦੇ ਗ੍ਰੀਨ ਬੀਨ ਵਿੱਚ ਸਵੀਕਾਰਿਆ ਜਾਂਦਾ ਹੈ |
|---|---|---|
| <br>ਸੂਤੀ, ਕੈਨਵਸ ਦੇ ਅਤੇ ਸਟਰਿੰਗ ਬੈਗ<br><br>ਜੂਟ ਅਤੇ ਬਰਲੈਪ ਬੈਗ<br><br>ਨਾਈਲੋਨ ਅਤੇ ਪੋਲੀਸਟਰ<br><br>ਰੀਸਾਈਕਲ ਕੀਤਾ ਪੌਲੀਇਥਾਈਲੀਨ ਟੈਰੇਫਥੈਲੇਟ (PET)<br><br>ਬੁਣਿਆ ਅਤੇ ਗੈਰ-ਬੁਣਿਆ ਪੋਲੀਪ੍ਰੋਪੀਲੀਨ (PP) | <br>ਕਾਗਜ਼ ਜਾਂ ਫਾਈਬਰ ਦੇ ਹੈਂਡਲ ਵਾਲੇ ਕਾਗਜ਼ ਦੇ ਬੈਗ | ਖਾਦ ਵਿੱਚ ਬਦਲਣ ਯੋਗ ਬਦਲ ਇਸ ਸਮੇਂ ਉਪਲਬਧ ਨਹੀਂ ਹਨ |

**ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਨੂੰ ਪ੍ਰਾਪਤ ਕਰਨਾ:** ਉਪਨਿਯਮ ਅਨੁਸਾਰ ਇਹ ਲੋੜੀਂਦਾ ਹੈ ਕਿ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਘੱਟੋ-ਘੱਟ 100 ਵਾਰ ਵਰਤੋਂ ਦੇ ਸਮਰੱਥ ਹੋਣ ਲਈ ਤਿਆਰ ਕੀਤੇ ਅਤੇ ਬਣਾਏ ਗਏ ਹੋਣ ਅਤੇ ਮੁੱਖ ਤੌਰ 'ਤੇ ਕੱਪੜੇ ਦੇ ਬਣੇ ਹੋਏ ਹੋਣ।

**ਕਾਗਜ਼ ਦੇ ਸ਼ਾਪਿੰਗ ਬੈਗਾਂ ਨੂੰ ਪ੍ਰਾਪਤ ਕਰਨਾ:** ਕਾਗਜ਼ ਦੇ ਸ਼ਾਪਿੰਗ ਬੈਗਾਂ ਵਿੱਚ ਘੱਟੋ-ਘੱਟ 40% ਰੀਸਾਈਕਲ ਕੀਤੀ ਸਮੱਗਰੀ ਲਾਜ਼ਮੀ ਹੋਣੀ ਚਾਹੀਦੀ ਹੈ। ਇਸ ਤੋਂ ਵੀ ਵੱਧ ਰੀਸਾਈਕਲ ਕੀਤੀ ਸਮੱਗਰੀ ਦੀ ਮਾਤਰਾ ਵਾਲੇ ਕਾਗਜ਼ ਦੇ ਸ਼ਾਪਿੰਗ ਬੈਗਾਂ ਨੂੰ ਚੁਣਨ 'ਤੇ ਵਿਚਾਰ ਕਰੋ।

ਬੈਗਾਂ ਨੂੰ ਜਿੰਨਾ ਸੰਭਵ ਹੋ ਸਕੇ ਰੀਸਾਈਕਲ ਕਰਨ ਯੋਗ ਬਣਾਓ:

- ਪਲਾਸਟਿਕ ਦੀਆਂ ਖਿੜਕੀਆਂ, ਪਲਾਸਟਿਕ ਦੀਆਂ ਪਰਤਾਂ, ਮੋਮ ਵਾਲੇ ਕਾਗਜ਼ ਅਤੇ ਬਹੁਤ ਸਾਰੀ ਸਿਆਹੀ ਤੋਂ ਪਰਹੇਜ਼ ਕਰੋ
- ਰੱਸੀ, ਡੋਰੀ ਜਾਂ ਰਿਬਨ ਦੀ ਬਜਾਏ ਕਾਗਜ਼ ਜਾਂ ਫਾਈਬਰ ਹੈਂਡਲ ਦੀ ਚੋਣ ਕਰੋ

ਇਹ ਯਕੀਨੀ ਬਣਾਓ ਕਿ ਬੈਗਾਂ ਦੇ ਬਾਹਰ “Recyclable” ਅਤੇ ਰੀਸਾਈਕਲ ਕੀਤੀ ਸਮੱਗਰੀ ਦੀ ਮਾਤਰਾ ਦੇ ਲੇਬਲ ਲਗਾਏ ਜਾਣ।

# ਲਾਗੂਕਰਣ

ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਕਾਰਨ, ਸਿਟੀ ਦਾ ਸਟਾਫ਼ ਪਹੁੰਚ ਕਰਨ ਅਤੇ ਸਿੱਖਿਆ ਦੇਣ ਨੂੰ ਪਹਿਲ ਦੇ ਰਿਹਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਕਾਰੋਬਾਰਾਂ ਕੋਲ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮਾਂ ਦੀ ਪਾਲਣਾ ਕਰਨ ਲਈ ਉਹ ਸਹਾਇਤਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ।

ਜੇ ਕੋਈ ਕਾਰੋਬਾਰ ਲਾਗੂ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮ ਦੀ ਪਾਲਣਾ ਨਾ ਕਰਦਾ ਹੋਇਆ ਪਾਇਆ ਜਾਂਦਾ ਹੈ, ਤਾਂ ਸਿਟੀ ਦੀਆਂ ਸ਼ੁਰੂਆਤੀ ਕਾਰਵਾਈਆਂ ਪਾਲਣਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਸਿੱਖਿਆ, ਪਹੁੰਚ ਅਤੇ ਸਹਾਇਤਾ 'ਤੇ ਕੇਂਦ੍ਰਿਤ ਹੋਣਗੀਆਂ।

ਇਹਨਾਂ ਸ਼ੁਰੂਆਤੀ ਵਿਦਿਅਕ ਕਾਰਵਾਈਆਂ ਦੇ ਬਾਅਦ, ਪਾਲਣਾ ਨਾ ਕਰਨ ਵਾਲੇ ਆਪਰੇਟਰਾਂ 'ਤੇ ਧਿਆਨ ਦੇਣ ਲਈ ਲਾਗੂਕਰਣ ਦੇ ਵਧੇ ਹੋਏ ਪੱਧਰਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਲਾਗੂ ਕਰਨ ਵਿੱਚ ਟਿਕਟਾਂ ਜਾਰੀ ਕਰਨਾ ਸ਼ਾਮਲ ਹੋ ਸਕਦਾ ਹੈ, ਜਿਨ੍ਹਾਂ 'ਤੇ ਪ੍ਰਤੀ ਅਪਰਾਧ $500 ਜੁਰਮਾਨਾ ਹੁੰਦਾ ਹੈ, ਜਾਂ ਸੂਬਾਈ ਅਦਾਲਤ ਵਿੱਚ ਹੋਰ ਮੁਕੱਦਮਾ ਕੀਤਾ ਜਾ ਸਕਦਾ ਹੈ ਜੋ ਕਿ ਪ੍ਰਤੀ ਅਪਰਾਧ ਵੱਧ ਤੋਂ ਵੱਧ $10,000 ਜੁਰਮਾਨੇ ਦੇ ਅਧੀਨ ਹੋ ਸਕਦਾ ਹੈ। ਨਿਰੰਤਰ ਗੈਰ-ਪਾਲਣਾ ਦੇ ਨਤੀਜੇ ਵਜੋਂ ਕਾਰੋਬਾਰ ਦਾ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ, ਜਾਂ ਕਾਰੋਬਾਰ ਦੇ ਲਾਇਸੈਂਸ ਨੂੰ ਰੱਦ ਕਰਨ ਲਈ ਸਿਫ਼ਾਰਿਸ਼ਾਂ ਕੀਤੀਆਂ ਜਾ ਸਕਦੀਆਂ ਹਨ।

ਲਾਗੂਕਰਣ ਬਾਰੇ ਨਵੀਨਤਮ ਅੱਪਡੇਟਾਂ ਲਈ, **vancouver.ca/reduce-single-use** 'ਤੇ ਜਾਓ

ਚੈਰੀਟੇਬਲ ਭੋਜਨ ਸੇਵਾਵਾਂ ਕੋਵਿਡ-19 ਦੇ ਦੌਰਾਨ ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਵੰਡਣਾ ਜਾਰੀ ਰੱਖ ਸਕਦੀਆਂ ਹਨ। ਚੈਰੀਟੇਬਲ ਫ਼ੂਡ ਸਰਵਿਸਿਜ਼ ਤੋਂ ਜਿੰਨੀ ਜਲਦੀ ਉਹਨਾਂ ਲਈ ਸੰਭਵ ਹੋ ਸਕੇ ਉਪਨਿਯਮਾਂ ਦੀ ਪਾਲਣਾ ਕਰਨ ਦੇ ਵੱਲ ਕੰਮ ਕਰਨਾ ਸ਼ੁਰੂ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

## *ਉਪਨਿਯਮ*

$500 ਜੁਰਮਾਨੇ ਦੀ ਵਿਵਸਥਾ ਟਿਕਟ ਅਪਰਾਧ ਉਪਨਿਯਮ ਨੰਬਰ 9360 ਵਿੱਚ ਹੈ।

# ਸਿੰਗਲ-ਯੂਜ਼ ਚੀਜ਼ਾਂ ਬਾਰੇ ਫੈਡਰਲ ਵਿਨਿਯਮ

ਸਾਡੇ ਦੁਆਰਾ ਆਪਣੀ ਸਿੰਗਲ-ਯੂਜ਼ ਚੀਜ਼ਾਂ ਘਟਾਉਣ ਦੀ ਰਣਨੀਤੀ ਨੂੰ 2018 ਵਿੱਚ ਅਪਣਾਏ ਜਾਣ ਦੇ ਬਾਅਦ ਤੋਂ ਸਿਟੀ ਨੇ ਸਿੰਗਲ-ਯੂਜ਼ ਚੀਜ਼ਾਂ ਨੂੰ ਘਟਾਉਣ ਲਈ ਸੂਬਾਈ ਅਤੇ ਫੈਡਰਲ ਪੱਧਰ 'ਤੇ ਇਕਸਾਰ ਬਣਾਏ ਵਿਨਿਯਮਾਂ ਦੀ ਵਕਾਲਤ ਕੀਤੀ ਹੈ।

ਫੈਡਰਲ ਸਰਕਾਰ ਨੇ 2021 ਦੇ ਸ਼ੁਰੂ ਵਿੱਚ ਸਿੰਗਲ-ਯੂਜ਼ ਚੀਜ਼ਾਂ ਨੂੰ ਨਿਯੰਤ੍ਰਿਤ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਹੈ। ਜੇ ਫੈਡਰਲ ਸਰਕਾਰ ਆਪਣੇ ਵਿਨਿਯਮਾਂ ਨਾਲ ਅੱਗੇ ਵੱਧਦੀ ਹੈ, ਤਾਂ ਵੈਨਕੂਵਰ ਸਿਟੀ ਕਾਉਂਸਿਲ ਵਿਚਾਰ ਕਰ ਸਕਦੀ ਹੈ ਕਿ ਇਹ ਨਿਯਮ ਇਸਦੇ ਉਪਨਿਯਮਾਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਅਤੇ ਬਦਲਦੇ ਹਨ।

ਉਸ ਸਮੇਂ ਤੱਕ, ਵੈਨਕੂਵਰ ਕਾਰੋਬਾਰੀ ਲਾਇਸੈਂਸ ਧਾਰਕਾਂ ਨੂੰ ਸਿਟੀ ਦੇ ਸਿੰਗਲ-ਯੂਜ਼ ਚੀਜ਼ਾਂ ਲਈ ਉਪਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੈ।

ਸਿੰਗਲ-ਯੂਜ਼ ਚੀਜ਼ਾਂ 'ਤੇ ਫੈਡਰਲ ਸਰਕਾਰ ਦੀ ਕਾਰਵਾਈ ਬਾਰੇ ਵਧੇਰੇ ਜਾਣਕਾਰੀ ਲਈ, **canada.ca/en/environment-climate-change/services/managing-reducing-waste/zero-plastic-waste.html** 'ਤੇ ਜਾਓ



ਉਹਨਾਂ ਸਾਰੇ ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਦਾ ਤਹਿ ਦਿਲੋਂ ਧੰਨਵਾਦ ਜੋ ਉਪਨਿਯਮਾਂ ਦੀ ਪਾਲਣਾ ਕਰਨ ਲਈ ਕਦਮ ਚੁੱਕ ਰਹੇ ਹਨ ਅਤੇ ਵੈਨਕੂਵਰ ਵਿੱਚ ਸਿੰਗਲ-ਯੂਜ਼ ਚੀਜ਼ਾਂ ਅਤੇ ਕੂੜੇ ਨੂੰ ਘਟਾਉਣ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ।

**ਹੋਰ ਜਾਣਕਾਰੀ ਲਈ:**

ਫੋਨ: 3-1-1  TTY 7-1-1

ਇਸ ਵੈੱਬਸਾਈਟਾਂ 'ਤੇ ਜਾਓ: Vancouver.ca/reduce-single-use

致電 3-1-1
致电 3-1-1
ਪੰਜਾਬੀ 3-1-1
Hoi Chi Tiêt 3-1-1
Obtenga Información 3-1-1

**ਪ੍ਰਕਾਸ਼ਿਤ: ਜੁਲਾਈ 2021**